लोकहितार्थ सत्यनिष्ठा
Dedicated to Truth in Public Interest

सत्यमेव जयते

# ਲੇਖਿਆਂ ਦੀ ਇੱਕ ਝਲਕ

## ਸਾਲ
## 2019-20

ਪੰਜਾਬ ਸਰਕਾਰ



# ਲੇਖਿਆਂ ਦੀ ਇੱਕ ਝਲਕ

## ਸਾਲ 2019-20

ਮਹਾਲੇਖਾਕਾਰ
(ਲੇਖਾ ਅਤੇ ਹੱਕਦਾਰੀ)
ਪੰਜਾਬ

ਪੰਜਾਬ ਸਰਕਾਰ

# ਪ੍ਰਸਤਾਵਨਾ

ਮੈਨੂੰ ਪੰਜਾਬ ਸਰਕਾਰ ਦੇ ਲੇਖਿਆਂ ਦੀ ਇੱਕ ਝਲਕ ਦੇ ਸਲਾਨਾ ਪ੍ਰਕਾਸ਼ਨ ਦਾ ਇੱਕੀਵਾ ਅੰਕ ਪੇਸ਼ ਕਰਦੇ ਹੋਏ ਪ੍ਰਸੰਨਤਾ ਹੋ ਰਹੀ ਹੈ। ਇਸ ਪ੍ਰਕਾਸ਼ਨ ਦਾ ਮਨੋਰਥ ਮੇਰੇ ਦਫਤਰ ਵਲੋਂ ਭਾਰਤ ਦੇ ਸੰਵਿਧਾਨ ਦੀ ਅਨੁਛੇਦ 149, ਲੇਖਾ ਨਿਰੀਖਕ ਅਤੇ ਮਹਾਂਲੇਖਾਪਰੀਖਕ (ਡੀ ਪੀ ਸੀ) ਅਧਿਨਿਯਮ, 1971 ਦੀ ਧਾਰਾ 11 ਦੇ ਮੁਤਾਬਿਕ ਤਿਆਰ ਕੀਤੇ ਗਏ ਵਿੱਤੀ ਲੇਖਿਆਂ ਵਿੱਚ ਉਪਲਬੱਧ ਵਿਸਤ੍ਰਿਤ ਜਾਣਕਾਰੀ ਦਾ ਇੱਕ ਪਾਠਕ ਹਿਤੈਸ਼ੀ ਸਾਰ ਪੇਸ਼ ਕਰਨਾ ਹੈ।
ਰਾਜ ਦੇ ਸਲਾਨਾ ਲੇਖੇ (1) ਵਿੱਤ ਲੇਖੇ ਅਤੇ (2) ਨਮਿੱਤਣ ਲੇਖੇ ਵਿੱਚ ਵੰਡੇ ਹੁੰਦੇ ਹਨ। ਵਿੱਤ ਲੇਖੇ ਸਮੇਕਿਤ ਨਿਧੀ ਅਚੇਤ ਨਿਧੀ ਅਤੇ ਸਾਰਵਜਨਿਕ ਲੇਖਿਆਂ ਦਾ ਸਾਰ ਹੈ। ਨਮਿੱਤਣ ਲੇਖੇ ਵਿੱਚ ਰਾਜ ਵਿਧਾਨ ਸਭਾ ਦੁਆਰਾ ਅਨੁਦਾਨ ਦੇ ਲਿਹਾਜ਼ ਵਲੋਂ ਪ੍ਰਸਤਾਵਿਤ ਖਰਚ ਦਰਜ਼ ਹੁੰਦਾ ਹੈ ਅਤੇ ਅਸਲ ਖਰਚ ਅਤੇ ਪ੍ਰਦਾਨ ਕੀਤੀ ਗਈ ਧਨਰਾਸ਼ੀ ਵਿੱਚ ਬਦਲਾਵ ਦਾ ਸਪਸ਼ਟੀਕਰਨ ਹੁੰਦਾ ਹੈ।

'ਲੇਖਿਆ ਦੀ ਇੱਕ ਝਲਕ' ਸਰਕਾਰੀ ਗਤੀਵਿਧੀਆਂ ਦਾ ਵਿਆਪਕ ਸਰਵੇਖਣ ਪੇਸ਼ ਕਰਦਾ ਹੈ ਜਿਸ ਵਿੱਚ ਲੇਖੇ ਅਤੇ ਨਮਿੱਤਣ ਲੇਖੇ ਸ਼ਾਮਿਲ ਹੁੰਦੇ ਹਨ। ਇਹ ਜਾਣਕਾਰੀ ਸੰਖੇਪ ਵਿਆਖਿਆਵਾਂ, ਵੇਰਵਾ ਪੱਤਰਾਂ, ਗ੍ਰਾਫ ਅਤੇ ਸਮਾਂ ਸੂਚੀ ਵਿਸ਼ਲੇਸ਼ਣ ਦੁਆਰਾ ਪੇਸ਼ ਕੀਤੀ ਜਾਂਦੀ ਹੈ ਜੋ ਕਿ ਹਿਤਧਾਰਕਾਂ-ਵਿਧਾਇਕਾਂ, ਕਾਰਿਆਪਾਲਿਕਾ ਅਤੇ ਜਨਤਾ ਨੂੰ ਲੇਖਿਆਂ ਦੀ ਜਾਣਕਾਰੀ ਦਿੰਦੀ ਹੈ। ਸਾਲ 2019-20 ਦੇ ਵਿੱਤ ਲੇਖੇ, ਲੇਖਾ ਨਿਰੀਖਕ ਅਤੇ ਮਹਾਂਲੇਖਾਪਰੀਖਕ ਦੀ ਰਾਜ ਲੇਖਿਆਂ ਤੇ ਰਿਪੋਰਟ ਅਤੇ ਲੇਖਿਆਂ ਦੀ ਇੱਕ ਝਲਕ ਨੂੰ ਪੜਨ ਤੇ ਹਿਤਧਾਰਕਾਂ ਨੂੰ ਰਾਜ ਵਿੱਤ ਦੇ ਵੱਖਰੇ ਪਹਿਲੂਆਂ ਨੂੰ ਜ਼ਿਆਦਾ ਪਰਭਾਵੀ ਢੰਗ ਨਾਲ ਸਮਝਣ ਲਈ ਮਦਦ ਕਰਨਗੇ।

ਅਸੀਂ ਇਸ ਪ੍ਰਕਾਸ਼ਨ ਵਿੱਚ ਸੁਧਾਰ ਲਿਆਉਣ ਵਿੱਚ ਮਦਦ ਕਰਨ ਵਾਲੇ ਪਾਠਕਾਂ ਦੀ ਰਾਏ ਲਈ ਤਤਪਰ ਹਾਂ।

ਮਿਤੀ : 13 ਅਪ੍ਰੈਲ 2021
ਚੰਡੀਗੜ੍ਹ

**ਹੋਵੇਦਾ ਅੱਬਾਸ**
ਮਹਾਂਲੇਖਾਕਾਰ (ਲੇਖਾ ਅਤੇ ਹੱਕਦਾਰੀ)
ਪੰਜਾਬ

# ਸਾਡੀ ਦੂਰ ਦ੍ਰਿਸ਼ਟੀ, ਉਦੇਸ਼ ਅਤੇ ਬੁਨਿਆਦੀ ਮੁੱਲ

## ਦੂਰ ਦ੍ਰਿਸ਼ਟੀ

ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂਲੇਖਾਪਰੀਖਕ ਦੀ ਸੰਸਥਾ ਦੀ ਦੂਰ ਦ੍ਰਿਸ਼ਟੀ ਉਸ ਮਨੋਰਥ ਦਾ ਪ੍ਰਗਟਾਵਾ ਕਰਦੀ ਹੈ ਜੋ ਅਸੀਂ ਬਣਨ ਦੀ ਅਕਾਂਕਸ਼ਾਂ ਰੱਖਦੇ ਹਾਂ।

ਅਸੀਂ ਵਿਸ਼ਵ ਵਿਆਪੀ ਆਗੂ ਅਤੇ ਸਰਕਾਰੀ ਖੇਤਰ ਦੀ ਲੇਖਾ ਪ੍ਰੀਖਿਆ ਅਤੇ ਲੇਖੇ ਵਿੱਚ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਉੱਤਮ ਪੱਧਰੀ ਦੇ ਮੋਢੀ ਬਣਨ ਦੀ ਕੋਸ਼ਿਸ਼ ਕਰਦੇ ਹਾਂ ਅਤੇ ਸਾਡੀ ਪਛਾਣ ਸੁਤੰਤਰ, ਪ੍ਰਮਾਣਕ, ਸੰਤੁਲਿਤ, ਲੋਕ ਵਿੱਤ ਅਤੇ ਸ਼ਾਸ਼ਨ ਤੇ ਸਮੇਂ ਨਾਲ ਰਿਪੋਰਟ ਕਰਨ ਵਜੋਂ ਬਣ ਚੁੱਕੀ ਹੈ।

## ਉਦੇਸ਼

ਸਾਡਾ ਉਦੇਸ਼ ਸਾਡੀ ਅੱਜ ਦੀ ਭੂਮਿਕਾ ਨੂੰ ਸਪੱਸ਼ਟ ਕਰਦਾ ਹੈ ਅਤੇ ਪ੍ਰਗਟਾਉਂਦਾ ਹੈ ਕਿ ਅੱਜ ਅਸੀਂ ਕੀ ਕਰ ਰਹੇ ਹਾਂ।

ਭਾਰਤ ਦੇ ਸੰਵਿਧਾਨ ਵਲੋਂ ਸਪੁਰਦ ਆਦੇਸ਼ ਦੇ ਮੁਤਾਬਿਕ, ਅਸੀਂ ਉੱਚ ਗੁਣਵੱਤਾ ਦੀ ਲੇਖਾ ਪ੍ਰੀਖਿਆ ਅਤੇ ਲੇਖਿਆਂ ਰਾਹੀਂ ਜਵਾਬਦੇਈ, ਪਾਰਦਰਸ਼ਤਾ ਅਤੇ ਸੁਚਾਰੁ ਸਾਸ਼ਨ ਨੂੰ ਵਧਾਵਾ ਦਿੰਦੇ ਹਾਂ ਅਤੇ ਆਪਣੇ ਹਿਤਧਾਰਕਾਂ-ਵਿਧਾਇਕਾਂ, ਕਾਰਿਆਪਾਲਿਕਾ ਅਤੇ ਜਨਤਾ ਨੂੰ ਸੰਤਤਰ ਭਰੋਸਾ ਪ੍ਰਦਾਨ ਕਰਦੇ ਹਾਂ ਕਿ ਸਰਕਾਰੀ ਫੰਡਾਂ ਦੀ ਵਰਤੋਂ ਕੁਸ਼ਲਤਾ ਅਤੇ ਤਜ਼ਵੀਜ਼ਤ ਮਨੋਰਥਾਂ ਲਈ ਹੀ ਕੀਤੀ ਜਾ ਰਹੀ ਹੈ।

## ਬੁਨਿਆਦੀ ਮੁੱਲ

ਸਾਡੇ ਬੁਨਿਆਦੀ ਮੁੱਲ ਸਾਡੇ ਸਾਰੇ ਕੰਮਾਂ ਲਈ ਮਾਰਗ ਦਰਸ਼ਕ ਹਨ ਅਤੇ ਸਾਡੇ ਕੰਮ ਦਾ ਮੁਲਾਂਕਣ ਕਰਨ ਲਈ ਸਾਨੂੰ ਮਾਪਦੰਡ ਦਿੰਦੇ ਹਨ।

- ਸੁਤੰਤਰਤਾ
- ਵਾਸਤਵਿਕਤਾ
- ਇਮਾਨਦਾਰੀ
- ਭਰੋਸੇਯੋਗਤਾ
- ਪੇਸ਼ਾਵਰ ਸ੍ਰਸ਼ੇਟਤਾ
- ਪਾਰਦਰਸ਼ਤਾ
- ਸਕਾਰਾਤਮਕ ਦ੍ਰਿਸ਼ਟੀਕੋਣ

# ਵਿਸ਼ਾ ਸੂਚੀ

ਪੰਨਾ ਨੰ :


**ਅਧਿਆਇ I** **ਓਵਰਵਿਊ**

| | | |
|---|---|---|
| 1.1 | ਭੂਮਿਕਾ ........ | 1 |
| 1.2 | ਸਰਕਾਰੀ ਲੇਖੇ ਦਾ ਢਾਂਚਾ........ | 2 |
| 1.3 | ਵਿਤ ਲੇਖੇ ਅਤੇ ਨਮਿਤੱਣ ਲੇਖੇ ........ | 4 |
| 1.4 | ਫੰਡਾਂ ਦੀ ਵਰਤੋਂ ਅਤੇ ਸਾਧਣ ........ | 6 |
| 1.5 | ਘਾਟਾ ਅਤੇ ਵਾਧਾ ........ | 9 |

**ਅਧਿਆਇ II** **ਪ੍ਰਾਪਤੀਆਂ**

| | | |
|---|---|---|
| 2.1 | ਭੂਮਿਕਾ ........ | 11 |
| 2.2 | ਮਾਲੀਆ ਪ੍ਰਾਪਤੀਆਂ ........ | 11 |
| 2.3 | ਕਰ ਆਮਦਨ ........ | 14 |
| 2.4 | ਕਰ ਵਸੂਲੀ ਦੀ ਕਾਰਜਕੁਸ਼ਲਤਾ ........ | 16 |
| 2.5 | ਕੇਂਦਰੀ ਕਰਾਂ / ਡਿਊਟੀ ਵਿੱਚ ਰਾਜ ਦੇ ਹਿੱਸੇ ਦਾ ਰੁਝਾਣ ........ | 16 |
| 2.6 | ਅਨੁਦਾਨ ਸਹਾਇਤਾ ........ | 17 |
| 2.7 | ਸਾਰਵਜਨਿਕ ਕਰਜੇ ........ | 18 |

**ਅਧਿਆਇ III** **ਖਰਚੇ**

| | | |
|---|---|---|
| 3.1 | ਭੂਮਿਕਾ ........ | 20 |
| 3.2 | ਮਾਲੀਆ ਖਰਚੇ ........ | 21 |
| 3.3 | ਪੂੰਜੀਗਤ ਖਰਚੇ ........ | 23 |
| 3.4 | ਬਚਨਬੱਧ ਖਰਚੇ ........ | 24 |

**ਅਧਿਆਇ IV** **ਨਮਿਤੱਣ ਲੇਖੇ**

| | | |
|---|---|---|
| 4.1 | ਨਮਿਤੱਣ ਲੇਖੇ 2019-20 ਦਾ ਸਾਰ ........ | 25 |
| 4.2 | ਪਿਛਲੇ ਪੰਜ ਸਾਲਾਂ ਦੌਰਾਨ ਬੱਚਤਾਂ / ਵਧੀਕਾਂ ਦਾ ਰੁਝਾਣ ........ | 25 |
| 4.3 | ਮਹਤੱਵਪੂਰਨ ਬੱਚਤਾਂ ਖਰਚੇ ........ | 26 |

**ਅਧਿਆਇ V** **ਸੰਪਦਾ ਅਤੇ ਦੇਣਦਾਰੀਆਂ**

| | | |
|---|---|---|
| 5.1 | ਸੰਪਦਾ ........ | 27 |
| 5.2 | ਕਰਜ਼ੇ ਅਤੇ ਦੇਣਦਾਰੀਆਂ ........ | 28 |
| 5.3 | ਗਰੰਟੀਆਂ | 29 |

Page No.

**ਅਧਿਆਇ VI** ਹੋਰ ਮੱਦਾਂ


| | | |
|---|---|---|
| 6.1 | ਵਸਤੁ ਅਤੇ ਸੇਵਾ ਟੈਕਸ (GST) | 30 |
| 6.2 | ਬਕਾਇਆ ਬਿਓਰੇਵਾਰ ਸੰਭਾਵੀ ਬਿੱਲ | 30 |
| 6.3 | ਰਾਜ ਸਰਕਾਰ ਦੁਆਰਾ ਸਵੀਕ੍ਰਿਤ ਅਨੁਦਾਨ ਸਹਾਇਤਾ ਲਈ ਬਕਾਇਆ ਵਰਤੋਂ ਸਰਟੀਫੀਕੇਟ | 31 |
| 6.4 | ਸਮੇਕਿਤ ਕਰਜ਼ ਭੁਗਤਾਨ ਫੰਡ | 31 |
| 6.5 | ਗਰੰਟੀ ਰਿਡੇਮਪਸ਼ਨ ਫੰਡ | 31 |
| 6.6 | ਵਿਭਾਗੀ ਅਫਸਰਾਂ ਕੋਲ ਨਕਦ | 32 |
| 6.7 | ਰਾਜ ਸਰਕਾਰ ਦੁਆਰਾ ਉਧਾਰ ਅਤੇ ਪੇਸ਼ਗੀ ਦੇਣਾ | 32 |
| 6.8 | ਸਾਰਵਜਨਿਕ ਖੇਤਰ ਅਦਾਰਿਆ (ਪੀ.ਐਸ.ਯੂ) ਨੂੰ ਉਧਾਰ ਦੇਣਾ | 32 |
| 6.9 | ਨਿਵੇਸ਼ | 33 |
| 6.10 | ਲੇਖਾ ਰੱਖਣ ਵਾਲੀਆਂ ਇਕਾਈਆ ਦੁਆਰਾ ਲੇਖੇ ਭੇਜਣਾ | 33 |
| 6.11 | ਲੇਖਿਆਂ ਦਾ ਮਿਲਾਨ | 33 |
| 6.12 | ਨਵੀਂ ਪੇਨਸ਼ਨ ਸਕੀਮ | 34 |
| 6.13 | ਉਦਯੇ (UDAY) | 35 |
| 6.14 | ਰਾਜ ਮੁਆਵਜ਼ਾ ਜੰਗਲੀਕਰਨ ਫੰਡ | 35 |
| 6.15 | ਉਚੰਤ ਲੇਖੇ ਦੀ ਸਥਿਤੀ | 36 |

# ਅਧਿਆਇ I

# ਓਵਰਵਿਊ

## 1.1 ਭੂਮਿਕਾ

ਮਹਾਲੇਖਾਕਾਰ (ਲੇਖਾ ਅਤੇ ਹਕਦਾਰੀ) ਪੰਜਾਬ ਦਾ ਦਫਤਰ ਮਲਟੀਪਲ ਏਜੰਸੀਆਂ ਵੱਲੋਂ ਭੇਜੇ ਗਏ ਲੇਖਿਆਂ ਦੇ ਅਕੰੜਿਆਂ ਨੂੰ ਜਾਂਚਦਾ, ਸ੍ਰੇਣੀਬੱਧ ਅਤੇ ਸੰਕਲਿਤ ਕਰਦਾ ਹੈ ਅਤੇ ਪੰਜਾਬ ਸਰਕਾਰ ਦੇ ਲੇਖੇ ਤਿਆਰ ਕਰਦਾ ਹੈ । ਇਹ ਸੰਕਲਨ ਜਿਲ੍ਹਾ ਖਜਾਨਿਆਂ, ਲੋਕ ਨਿਰਮਾਣ ਮੰਡਲਾਂ ਅਤੇ ਜੰਗਲਾਤ ਮੰਡਲਾਂ, ਹੋਰ ਰਾਜਾਂ/ਲੇਖਾ ਦਫਤਰਾਂ ਵੱਲੋਂ ਭੇਜੇ ਗਏ ਸ਼ੁਰੂਆਤੀ ਲੇਖਿਆਂ ਅਤੇ ਭਾਰਤੀ ਰਿਜ਼ਰਵ ਬੈਂਕ ਦੇ ਕਲੀਅਰੈਂਸ ਮੀਮੋ ਦੇ ਅਧਾਰ ਤੇ ਕੀਤਾ ਜਾਂਦਾ ਹੈ । ਮਹਾਲੇਖਾਕਾਰ (ਲੇਖਾ ਅਤੇ ਹਕਦਾਰੀ) ਪੰਜਾਬ ਦੇ ਦਫਤਰ ਵੱਲੋਂ ਹਰ ਮਹੀਨੇ ਇੱਕ ਮਾਹਵਾਰ ਸਿਵਲ ਲੇਖਾ ਪੰਜਾਬ ਸਰਕਾਰ ਨੂੰ ਭੇਜਿਆ ਜਾਂਦਾ ਹੈ । ਮਹਾਲੇਖਾਕਾਰ (ਲੇਖਾ ਅਤੇ ਹਕਦਾਰੀ) ਦਫਤਰ ਵੱਲੋਂ ਸਰਕਾਰ ਦੁਆਰਾ ਕੀਤੇ ਗਏ ਖਰਚੇ ਦੀ ਗੁਣਵੱਤਾ ਅਤੇ ਮਹੱਤਵਪੂਰਣ ਵਿੱਤੀ ਸੂਚਕਾਂ ਤੇ ਇੱਕ ਮਹੀਨਾਵਾਰ ਆਭਾ ਪ੍ਰਬੰਧਨ ਰਿਪੋਰਟ ਵੀ ਭੇਜੀ ਜਾਂਦੀ ਹੈ । ਇਸਤੋਂ ਇਲਾਵਾ ਭਾਰਤ ਦੇ ਸੰਵਿਧਾਨ ਦੀ ਅਨੁਛੇਦ 149 ਅਤੇ ਲੇਖਾ ਨਿਰੀਖਕ ਤੇ ਮਹਾਲੇਖਾਪਰੀਖਕ (ਕਰਤੱਵ, ਇਖਤੀਅਰ ਅਤੇ ਸੇਵਾ ਸ਼ਰਤਾਂ) ਐਕਟ, 1971 ਦੀ ਧਾਰਾ 11 ਦੇ ਅਨੁਸਾਰ ਵਿੱਤ ਲੇਖੇ ਤੇ ਨਮਿੱਤਣ ਲੇਖੇ ਮਹਾਲੇਖਾਕਾਰ ਦੁਆਰਾ ਸਲਾਨਾ ਤਿਆਰ ਕੀਤੇ ਜਾਂਦੇ ਹਨ, ਜੋ ਕਿ ਪ੍ਰਮੁੱਖ ਮਹਾਲੇਖਾਕਾਰ (ਆਡਿਟ) ਪੰਜਾਬ ਵੱਲੋਂ ਆਡਿਟ ਅਤੇ ਲੇਖਾ ਨਿਰੀਖੱਕ ਤੇ ਮਹਾਲੇਖਪਰੀਖਕ ਵੱਲੋਂ ਤਸਦੀਕੀ ਕਰਨ ਉਪਰੰਤ ਰਾਜ ਵਿਧਾਨ ਸਭਾ ਵਿੱਚ ਪੇਸ਼ ਕੀਤੇ ਜਾਂਦੇ ਹਨ ।

## 1.2 ਸਰਕਾਰੀ ਲੇਖਿਆਂ ਦਾ ਢਾਂਚਾ

### 1.2.1 ਸਰਕਾਰੀ ਲੇਖੇ ਦੇ ਤਿੰਨ ਹਿੱਸੇ ਹੁੰਦੇ ਹਨ :

### ਸਰਕਾਰੀ ਲੇਖਿਆਂ ਦਾ ਢਾਂਚਾ

**ਭਾਗ 1**
**ਸਮੇਕਿਤ ਫੰਡ**

ਸਰਕਾਰ ਦੁਆਰਾ ਪ੍ਰਾਪਤ ਕਰ ਅਤੇ ਗੈਰ-ਕਰ ਆਮਦਨ ਸਾਰਵਜਨਿਕ ਕਰਜੇ, ਦਿੱਤੇ ਗਏ ਕਰਜੇ ਦੀ ਵਾਪਸੀ (ਸਮੇਤ ਵਿਆਜ) ਸਮੇਤ ਸਾਰਾ ਮਾਲੀਆ ਸਮੇਕਿਤ ਫੰਡ ਦਾ ਹਿੱਸਾ ਹਨ।

ਸਰਕਾਰੀ ਕਰਜੇ ਅਤੇ ਪੇਸ਼ਗੀਆਂ ਦੀ ਵੰਡ, ਲਿੱਤੇ ਗਏ ਕਰਜੇ ਦੀ ਅਦਾਇਗੀ (ਸਮੇਤ ਬਿਆਜ) ਸਮੇਤ ਸਾਰੇ ਖਰਚੇ ਅਤੇ ਵੰਡਾਂ ਸਮੇਕਿਤ ਫੰਡ ਤੋਂ ਕੀਤੇ ਜਾਂਦੇ ਹਨ।

**ਭਾਗ 2**
**ਸੰਕਟਕਾਲੀਨ ਫੰਡ**


ਸੰਕਟਕਾਲੀਨ ਫੰਡ ਅਗੇਤ ਖਾਤੇ ਦੇ ਸੁਭਾਵ ਦਾ ਹੈ, ਜਿਸਨੂੰ ਵਿਧਾਨ ਸਭਾ ਦੁਆਰਾ ਲੰਬਿਤ ਪ੍ਰਵਾਨਗੀ ਦੇ ਅਣਪਛਾਤੀ ਖਰਚਾ ਕਰਨ ਲਈ ਇਸਤੇਮਾਲ ਕੀਤਾ ਜਾਂਦਾ ਹੈ। ਇਸ ਫੰਡ ਵਿਚੋਂ ਕੀਤੇ ਖਰਚੇ ਦੀ ਭਰਪਾਈ ਸਮੇਕਿਤ ਫੰਡ ਵਿਚੋਂ ਕੀਤੀ ਜਾਂਦੀ ਹੈ।
ਪੰਜਾਬ ਸਰਕਾਰ ਦਾ ਇਸ ਫੰਡ ਦਾ ਕੋਰਪਸ (Corpus) 25.00 ਕਰੋੜ ਰੁਪਏ ਹੈ।

**ਭਾਗ 3**
**ਸਰਵਜਨਿਕ ਲੇਖੇ**

ਜੰਨਤਕ ਖਾਤੇ ਵਿੱਚ ਕਰਜੇ (ਭਾਗ 1 ਵਿੱਚ ਸ਼ਾਮਲ ਲੈਣ-ਦੇਣ ਨੂੰ ਛੱਡ ਕੇ), ਜਮਾਂ ਰਕਮਾਂ, ਪੇਸ਼ਗੀ ਜਮਾਂ ਕਰਵਾਈ ਰਕਮਾਂ ਅਤੇ ਉਚੰਤ ਰਕਮਾਂ ਨਾਲ ਸਬੰਧਿਤ ਲੈਣ-ਦੇਣ ਦਰਜ ਕੀਤੇ ਜਾਂਦੇ ਹਨ।
ਇਸ ਹਿੱਸੇ ਵਿੱਚ ਕਰਜ਼ੇ, ਜਮ੍ਹਾਂ ਰਕਮਾਂ ਅਤੇ ਅਡਵਾਂਸ ਦੇ ਅਧੀਨ ਅਜਿਹੇ ਲੈਣ -ਦੇਣ ਹਨ, ਜਿਨ੍ਹਾਂ ਦੇ ਸੰਬੰਧ ਵਿੱਚ ਸਰਕਾਰ ਦੀ ਪ੍ਰਾਪਤ ਹੋਈ ਰਕਮ ਦੀ ਅਦਾਇਗੀ ਕਰਨ ਦੀ ਜ਼ਿੰਮੇਵਾਰੀ ਬਣਦੀ ਹੈ ਜਾਂ ਭੁਗਤਾਨ ਕੀਤੀ ਰਕਮ ਦੀ ਵਸੂਲੀ ਦਾ ਦਾਅਵਾ ਹੁੰਦਾ ਹੈ, ਨਾਲ ਹੀ ਸਾਬਕਾ (ਕਰਜ਼ੇ ਅਤੇ ਜਮ੍ਹਾਂ) ਦੀ ਅਦਾਇਗੀ ਅਤੇ (ਅਡਵਾਂਸ) ਦੀ ਵਸੂਲੀ ।
ਇਸ ਭਾਗ ਵਿੱਚ ਜਮਾਂ ਕਰਵਾਈਆਂ ਰਕਮਾਂ ਅਤੇ ਉਚੰਤ ਸਬੰਧੀ ਲੈਣ-ਦੇਣ ਇਸ ਤਰਾਂ ਦੇ ਹੁੰਦੇ ਹਨ ਕਿ ਆਮ ਤੌਰ ਤੇ ਸਮਾਯੋਜਿਤ ਮਦਾਂ ਹੁੰਦਿਆਂ ਹਨ ਜਿਨ੍ਹਾਂ ਅਧੀਨ ਖਜਾਨਿਆਂ ਅਤੇ ਕਰੰਸੀ ਚੇਸਟ ਵਿਚਕਾਰ ਜਮਾਂ ਕਰਵਾਈਆਂ ਰਕਮਾਂ ਅਤੇ ਲੇਖਾ ਸਰਕਲਾਂ ਵਿੱਚ ਟ੍ਰਾਂਸਫਰ ਸਬੰਧੀ ਲੈਣ-ਦੇਣ ਸ਼ਾਮਲ ਹੁੰਦੇ ਹਨ। ਇਨ੍ਹਾਂ ਮਦਾਂ ਵਿੱਚ ਸ਼ੁਰੂਆਤੀ ਡੈਬਿਟ ਜਾਂ ਕ੍ਰੇਡਿਟ ਦਾ ਨਿਪਟਾਰਾ ਅਸਲੀ ਮੱਦ ਨੂੰ ਬੁਕ ਕਰਕੇ ਕੀਤਾ ਜਾਂਦਾ ਹੈ।

### 1.2.2 ਸਰਕਾਰੀ ਲੇਖੇ ਦੇ ਢਾਂਚੇ ਦਾ ਚਿਤਰਣ

**ਸਰਕਾਰੀ ਲੇਖੇ ਦੇ ਢਾਂਚੇ ਦਾ ਚਿਤਰਣ**



## 1.3 ਵਿੱਤ ਲੇਖੇ ਅਤੇ ਨਮਿੱਤਣ ਲੇਖੇ


### 1.3.1 ਵਿੱਤ ਲੇਖੇ

ਵਿੱਤ ਲੇਖੇ ਸਰਕਾਰ ਦੀਆਂ ਸਲਾਨਾ ਪ੍ਰਾਪਤੀਆਂ ਅਤੇ ਅਦਾਇਗੀਆਂ ਦੇ ਨਾਲ ਨਾਲ ਮਾਲੀਆਂ ਅਤੇ ਪੂੰਜੀਗਤ ਲੇਖਿਆ ਵਿੱਚ ਦਰਸਾਏ ਗਏ ਵਿੱਤੀ ਨਤੀਜਿਆਂ ਅਤੇ ਸਾਰਵਜਨਿਕ ਕਰਜ਼ੇ ਅਤੇ ਸਾਰਵਜਨਿਕ ਲੇਖਿਆ ਦੇ ਬਕਾਇਆ ਨੂੰ ਦਰਸਾਉਂਦੇ ਹਨ। ਜਿਆਦਾ ਵਿਆਪਕ ਅਤੇ ਸੂਚਨਾਪੂਰਨ ਬਨਾਉਣ ਲਈ ਵਿੱਤ ਲੇਖੇ ਦੋ ਭਾਗਾਂ ਵਿੱਚ ਤਿਆਰ ਕੀਤੇ ਗਏ ਹਨ। ਵਿੱਤ ਲੇਖੇ ਭਾਗ-I ਵਿੱਚ ਭਾਰਤ ਦੇ ਨਿਰੀਖਕ ਅਤੇ ਮਹਾਂਲੇਖਾਪ੍ਰੀਖਕ ਦਾ ਪ੍ਰਮਾਣ ਪੱਤਰ, ਵਿੱਤ ਲੇਖੇ ਲਈ ਗਾਇਡ, 13 ਸਟੇਟਮੈਂਟਾਂ ਜੋ ਕਿ ਰਾਜ ਸਰਕਾਰ ਦੇ ਚਾਲੂ ਵਿੱਤ ਸਾਲ ਦੇ ਵਿੱਤੀ ਲੈਣ ਦੇਣ ਸਥਿਤੀ ਦੀ ਸੰਖੇਪ ਵਿੱਚ ਸੂਚਨਾ, ਨੋਟਸ ਟੂ ਅਕਾਉਂਟਸ ਅਤੇ ਇਸਦੇ ਅਨੁੱਲਗਾ ਸ਼ਾਮਲ ਹਨ। ਵਿੱਤ ਲੇਖੇ ਦੇ ਭਾਗ - II ਵਿੱਚ 2 ਹਿੱਸੇ ਹਨ, ਪਹਿਲੇ ਹਿੱਸੇ ਵਿੱਚ 9 ਵਿਸਤ੍ਰਿਤ ਸਟੇਟਮੈਂਟਾਂ ਅਤੇ ਦੂਜੇ ਹਿੱਸੇ ਵਿੱਚ 12 ਅੰਤਿਕਾਵਾ (Appendices) ਹਨ।

ਸਾਲ 2019-2020 ਵਿੱਚ ਵਿੱਤ ਲੇਖੇ ਵਿੱਚ ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ ਅਤੇ ਭੁਗਤਾਨ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :

**ਸਾਲ 2019-20 ਵਿੱਚ ਪ੍ਰਾਪਤੀਆਂ ਅਤੇ ਭੁਗਤਾਨ**

(ਰੁਪਏ ਕਰੋੜ ਵਿੱਚ)




* ਉਧਾਰ ਅਤੇ ਹੋਰ ਦੇਣਦਾਰੀਆਂ : ਨਿਰੋਲ ਜੰਨਤਕ ਕਰਜ਼ੇ (ਪ੍ਰਾਪਤੀਆਂ-ਭੁਗਤਾਨ)+ਨਿਰੋਲ ਅਚੇਤ ਫੰਡ + ਨਿਰੋਲ ਜੰਨਤਕ ਲੇਖਾ (ਪ੍ਰਾਪਤੀਆਂ-ਭੁਗਤਾਨ)+ਨਿਰੋਲ ਮੁਢਲੇ ਅਤੇ ਅੰਤਿਮ ਰੋਕੜ ਬਕਾਇਆ।

ਕੇਂਦਰ ਸਰਕਾਰ ਰਾਜ ਵਿੱਚ ਲਾਗੂ ਇਜੰਸੀਆਂ / ਗੈਰ ਸਰਕਾਰੀ ਸੰਸਥਾਨਾਂ ਨੂੰ ਵੱਖ ਵੱਖ ਸਕੀਮਾਂ ਅਤੇ ਪ੍ਰੋਗਰਾਮਾਂ ਨੂੰ ਲਾਗੂ ਕਰਨ ਲਈ ਮੂਲ ਫੰਡ ਸਿੱਧੇ ਤੌਰ ਤੇ ਟ੍ਰਾਂਸਫਰ ਕਰਦੀ ਹੈ। ਸਾਲ 2019-20 ਵਿੱਚ ਭਾਰਤ ਸਰਕਾਰ ਨੇ 4,552 ਕਰੋੜ ਰੁਪਏ ਦੇ ਫੰਡ ਸਿੱਧੇ ਤੌਰ ਤੇ ਪੰਜਾਬ ਵਿੱਚ ਲਾਗੂ ਹੋਣ ਵਾਲੀਆਂ ਇਜੰਸੀਆਂ ਨੂੰ ਜਾਰੀ ਕੀਤੇ। ਇਹ ਫੰਡ ਰਾਜ ਦੇ ਬਜ਼ਟ ਤੋ ਬਾਹਰ ਹੁੰਦੇ ਹਨ ਅਤੇ ਰਾਜ ਸਰਕਾਰ ਦੇ ਲੇਖੇ ਵਿੱਚ ਵੀ ਨਹੀ ਦਰਸ਼ਾਏ ਜਾਂਦੇ। ਵਿੱਤ ਲੇਖੇ ਵਿੱਚ ਭਾਗ 2 ਅੰਕਿਤਾ 5 ਵਿੱਚ ਇਹ ਫੰਡ ਦਰਸਾਏ ਜਾਂਦੇ ਹਨ।

### 1.3.2 ਲੇਖੇ ਦੀਆਂ ਵਿੱਤੀ ਵਿਸ਼ੇਸ਼ਤਾਈਆਂ

ਸਾਲ 2019-20 ਵਿੱਚ ਅਸਲ ਵਿੱਤੀ ਨਤੀਜਿਆਂ ਦਾ ਵੇਰਵਾ, ਬਜਟ ਅਨੁਮਾਨਾਂ ਦੇ ਅਨੁਸਾਰ ਇਸ ਤਰਾਂ ਹੈ :

| ਲੜੀ ਨੰ: | ਹਿੱਸੇ | ਬਜਟ ਅਨੁਮਾਨ (ਰੁਪਏ ਕਰੋੜ ਵਿੱਚ) | ਅਸਲ (ਰੁਪਏ ਕਰੋੜ ਵਿੱਚ) | ਅਸਲ ਦੀ ਬਜਟ ਅਨੁਮਾਨ ਨਾਲ ਪ੍ਰਤੀਸ਼ਸਤਾ | ਅਸਲ ਤੋਂ ਜੀਐਸਡੀਪੀ (ੲ) ਦੀ ਪ੍ਰਤੀਸ਼ਸਤਾ |
|---|---|---|---|---|---|
| 1. | ਕਰ ਆਮਦਨ | 50,994 | 40,341(a) | 79 | 7 |
| 2. | ਗੈਰ ਕਰ ਆਮਦਨ | 9,477 | 6,654 | 70 | 1 |
| 3. | ਅਨੁਦਾਨ ਸਹਾਇਤਾ ਅਤੇ ਯੋਗਦਾਨ | 18,039 | 14,580 | 81 | 3 |
| 4. | ਮਾਲੀਆਂ ਪ੍ਰਾਪਤੀਆਂ (1+2+3) | 78,510 | 61,575 | 78 | 11 |
| 5. | ਕਰਜ਼ੇ ਅਤੇ ਪੇਸ਼ਗੀਆ ਦੀ ਵਸੂਲੀ | 15,685 | 16,070 | 102 | 3 |
| 6. | ਹੋਰ ਪ੍ਰਾਪਤੀਆਂ | .. | .. | .. | .. |
| 7. | ਉਧਾਰ ਅਤੇ ਹੋਰ ਦੇਣਦਾਰੀਆਂ (ਅ) | 19,658 | 16,826 | 86 | 3 |
| 8. | ਪੂੰਜੀਗਤ ਪ੍ਰਾਪਤੀਆਂ (5+6+7) | 35,343 | 32,896 | 83 | 6 |
| 9. | ਕੁੱਲ ਪ੍ਰਾਪਤੀਆਂ (4+8) | 1,13,853 | 94,471 | 83 | 16 |
| 10. | ਮਾਲੀਆ ਖਰਚ | 90,197 | 75,859 | 84 | 13 |
| 11. | ਬਿਆਜ ਦੇਣ ਤੇ ਖਰਚਾ ਮਾਲੀਆ ਖਰਚੇ ਤੋਂ | 17,669 | 17,810 | 100 | 3 |
| 12. | ਪੂੰਜੀਗਤ ਖਰਚੇ | 22,842 | 17,828 | 78 | 3 |
| 13. | ਕਰਜੇ ਅਤੇ ਪੇਸ਼ਗੀਆਦੀ ਵੰਡ | 814 | 784 | 96 | .. |
| 14 | ਕੁੱਲ ਖਰਚਾ (10+12+13) | 1,13,853 | 94,471 | 83 | 16 |
| 15. | ਮਾਲੀਆ ਘਾਟਾ (4-10) | 11,687 | 14,284 | 122 | 2 |
| 16. | ਵਿੱਤੀ ਘਾਟਾ (4+5+6-14) | 19,658 | 16,826 | 86 | 3 |

(ੳ) ਕੇਂਦਰੀ ਕਰਾਂ ਵਿੱਜ ਰਾਜ ਦਾ ਹਿੱਸਾ 10,345 ਕਰੋੜ ਰੁਪਏ ਹੈ।

(ਅ) ਉਧਾਰ ਅਤੇ ਹੋਰ ਦੇਣਦਾਰੀਆਂ : ਨਿਰੋਲ ਜੰਨਤਕ ਕਰਜ਼ੇ (ਪ੍ਰਾਪਤੀਆਂ-ਭੁਗਤਾਨ)+ ਨਿਰੋਲਅਚੇਤ ਫੰਡ + ਨਿਰੋਲ ਜੰਨਤਕ ਲੇਖਾ (ਪ੍ਰਾਪਤੀਆਂ-ਭੁਗਤਾਨ)-ਨਿਰੋਲ-ਮੁੱਢਲੇ ਅਤੇ ਅੰਤਿਮ ਰੋਕੜ ਬਕਾਇਆ।

(ੲ) ਭਾਰਤ ਸਰਕਾਰ ਦੇ ਆਕੜਾ ਅਤੇ ਪ੍ਰੋਗ੍ਰਾਮ ਲਾਗੂ ਕਰਨ ਵਾਲੇ ਮੰਤਰਾਲੇ ਨਵੀ ਦਿੱਲੀ ਦੀ ਵੇਬਸਾਇਟ ਤੇ 31 ਜੁਲਾਈ 2020 ਨੂੰ ਸਕਲ ਰਾਜ ਘਰੇਲੂ ਉਤਪਾਦ ਦਾ ਚਾਲੂ ਮੁੱਲ 5,74,760 ਕਰੋੜ ਰੁਪਏ ਹੈ।

### 1.3.3 ਨਮਿੱਤਣ ਲੇਖੇ

ਹਰੇਕ ਸਾਲ ਵਿੱਚ ਨਮਿੱਤਣ ਲੇਖੇ ਰਾਜ ਸਰਕਾਰ ਦੇ ਸਮੇਕਿਤ ਫੰਡ ਤੋਂ ਸਕਲ ਖਰਚੇ (ਵੋਟਿਡ ਅਤੇ ਚਾਰਜਡ) ਦੇ ਮੁਕਾਬਲੇ ਭਾਰਤੀ ਸੰਵਿਧਾਨ ਦੇ ਅਨੁਛੇਦ 204 ਅਤੇ 205 ਦੇ ਅਧੀਨ ਰਾਜ ਸਰਕਾਰ ਦੁਆਰਾ ਪਾਸ ਕੀਤੇ ਨਮਿੱਤਣ ਐਕਟ ਨਾਲ ਨੱਥੀ ਅਨੁਸੂਚੀਆਂ ਵਿੱਚ ਨਿਰਧਾਰਿਤ ਰਕਮਾਂ ਨੂੰ ਦਰਸਾਉਂਦੇ ਹਨ। ਪੰਜਾਬ ਸਰਕਾਰ ਦੇ ਸਾਲ 2019-20 ਦੇ ਨਮਿੱਤਣ ਲੇਖੇ 31 ਮਾਰਚ 2020 ਨੂੰ ਖਤਮ ਹੋਏ ਸਾਲ ਵਿੱਚ 32 ਚਾਰਜਡ ਅਤੇ 42 ਵੋਟਿਡ ਅਨੁਦਾਨਾਂ ਵਿੱਚ ਖਰਚ ਦੀਆਂ ਰਕਮਾਂ ਨੂੰ ਦਰਸਾਉਂਦੇ ਹਨ।

### 1.3.4 ਬਜਟ ਤਿਆਰ ਕਰਨ ਵਿੱਚ ਨਿਪੁੰਨਤਾ

ਨਮਿੱਤਣ ਅਧਿਨਿਯਮ 2019-20 ਦੇ ਅੰਤਰਗਤ 1,62,060 ਕਰੋੜ ਰੁਪਏ ਦਾ ਕੁੱਲ ਖਰਚਾ ਹੋਇਆ ਜਿਸ ਵਿੱਚ ਸਾਲ ਦੌਰਾਨ ਵਿਧਾਨ ਸਭਾ ਦੁਆਰਾ ਪਾਰਿਤ 3,567 ਕਰੋੜ ਰੁਪਏ ਦੀਆਂ ਪੂਰਕ ਗਰਾਂਟਾ ਸ਼ਾਮਲ ਹਨ। ਖਰਚੇ ਦੀ ਕਟੌਤੀ ਵੱਜੋਂ ਕੁੱਝ ਵੀ ਕਰਮ ਦਾ ਪ੍ਰਾਵਧਾਨ ਨਹੀਂ ਕੀਤਾ ਗਿਆ।

ਨਮਿੱਤਣ ਲੇਖੇ 2019-20 ਵਿਚ 1,62,060 ਕਰੋੜ ਰੁਪਏ ਦੇ ਬਜਟ ਅਨੁਸਾਰ ਦੇ ਮੁਕਾਬਲੇ ਕੁਲ 1,34,882 ਕਰੋੜ ਰੁਪਏ ਦਾ ਕੁੱਲ ਭੁਗਤਾਨ ਦਿਖਾਇਆ ਗਿਆ ਹੈ। ਨਤੀਜੇ ਵਜੋਂ 27,178 ਕਰੋੜ ਰੁਪਏ ਦੀ (17 ਪ੍ਰਤੀਸ਼ਤ) ਦੀ ਸ਼ੁੱਧ ਬਚਤ ਹੋਈਂ। ਇਸ ਤਰਾਂ ਕੁੱਲ 18,915 ਕਰੋੜ ਰੁਪਏ ਦੀ ਕੁੱਲ ਬਚਤ ਵਿਚੋਂ ਖੇਤੀਬਾੜੀ ਵਿਭਾਗ ਅਧੀਨ 5,797 ਕਰੋੜ ਰੁਪਏ ਵਿਤ ਵਿਭਾਗ ਅਧੀਨ 6,218 ਕਰੋੜ ਰੁਪਏ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਅਧੀਨ 2,920 ਕਰੋੜ ਰੁਪਏ ਸਥਾਨਕ ਸਰਕਾਰ ਵਿਭਾਗ ਅਧੀਨ 2,367 ਕਰੋੜ ਰੁਪਏ ਅਤੇ ਸਿੱਖਿਆ ਵਿਭਾਗ ਅਧੀਨ 1,613 ਕਰੋੜ ਰੁਪਏ ਦੀ ਬਚਤ ਹੋਈਂ। ਸਾਲ 2019-20 ਵਿੱਚ ਖਰਚ ਦੀ ਕਟੌਤੀ ਵਜੋਂ 837 ਕਰੋੜ ਰੁਪਏ ਦੀ ਵਸੂਲੀ ਹੋਈ ਜਦੋ ਕਿ ਬਜਟ ਅਨੁਮਾਨ ਦੇ ਮੁਤਾਬਿਕ ਇਸ ਮੱਦ ਅਧੀਨ ਕੁਝ ਵੀ ਪ੍ਰਾਵਧਾਨ ਨਹੀਂ ਕੀਤਾ ਗਿਆ ਸੀ।

ਸਾਲ 2019-20 ਦੇ ਨਮਿੱਤਣ ਲੇਖੇ ਤੋਂ ਪਤਾ ਲਗਦਾ ਹੈ ਕਿ 1,34,882 ਕਰੋੜ ਰੁਪਏ ਦੇ ਕੁੱਲ ਖਰਚੇ ਵਿਚੋਂ 76,400 ਕਰੋੜ ਰੁਪਏ ਦਾ ਮਾਲੀਆ ਖਰਚਾ 18,124 ਕਰੋੜ ਰੁਪਏ ਦਾ ਪੂੰਜੀਗਤ ਖਰਚਾ ਅਤੇ 39,574 ਕਰੋੜ ਰੁਪਏ ਕਰਜ਼ਿਆਂ ਦੀ ਅਦਾਇਗੀ ਉਪਰ ਅਤੇ 784 ਕਰੋੜ ਰੁਪਏ ਰਾਜ ਸਰਕਾਰ

## 1.4 ਫੰਡਾਂ ਦੇ ਸਰੋਤ ਅਤੇ ਵਰਤੋਂ

### 1.4.1 ਉਪਾਅ ਅਤੇ ਸਾਧਨ ਪੇਸ਼ਗੀਆਂ

ਭਾਰਤੀ ਰਿਜ਼ਰਵ ਬੈਂਕ ਰਾਜ ਸਰਕਾਰਾਂ ਨੂੰ ਉਨ੍ਹਾਂ ਦੀ ਤਰਲਤਾ ਕਾਇਮ ਰੱਖਣ ਲਈ ਉਪਾਯ ਅਤੇ ਸਾਧਨ ਪੇਸ਼ਗਿਆਂ ਦੀ ਸਹੂਲਤ ਦਾ ਵਿਸਤਾਰ ਕਰਦਾ ਹੈ। ਸਹਿਮਤ ਹੋਏ ਘੱਟੋ ਘੱਟ ਨਕਦ ਬਕਾਏ ਜੋ ਕੀ 1.56 ਕਰੋੜ ਹੈ, ਤੋਂ ਘੱਟ ਬਕਾਯਾ ਹੋਣ ਤੇ ਓਵਰਡਰਾਫਟ ਸੁਵਿਧਾਵਾਂ ਦਿੱਤੀਆਂ ਜਾਂਦੀਆਂ ਹਨ। 31 ਮਾਰਚ 2019 ਨੂੰ ਉਪਾਅ ਤੇ ਸਾਧਨ ਦੀਆਂ ਪੇਸ਼ਗੀਆਂ ਵੱਜੋ -2 ਕਰੋੜ ਰੁਪਏ ਦੀ ਰਕਮ ਬਕਾਇਆ ਸੀ। ਸਾਲ 2019-20 ਦੌਰਾਨ ਪੰਜਾਬ ਸਰਕਾਰ ਨੇ ਉਪਾਅ ਤੇ ਸਾਧਨ ਵੱਜੋ 141 ਮੌਕਿਆ ਤੇ 22,714 ਕਰੋੜ ਰੁਪਏ ਪ੍ਰਾਪਤ ਕੀਤੇ। ਜਿਸ ਵਿਚੋਂ 22,712 ਕਰੋੜ ਰੁਪਏ ਸਾਲ ਦੇ ਦੌਰਾਨ ਅਦਾ ਕੀਤੇ ਜਿਸ ਕਰ ਕੇ ਨਿਲ ਬਕਾਯਾ ਬਚਿਆ। ਇਨ੍ਹਾਂ ਪੇਸ਼ਗੀਆਂ ਤੇ ਵਿਆਜ ਵੱਜੋ 21 ਕਰੋੜ ਰੁਪਏ ਦਾ ਭੁਗਤਾਨ ਕੀਤਾ।

ਸਾਲ 2019-20 ਦੌਰਾਨ ਸਰਕਾਰ ਨੇ 13 ਮੋਕਿਆ ਤੇ 20 ਕਰੋੜ ਰੁਪਏ ਸ਼ਾਰਟਫਾਲ (Short Fall) ਵੱਜੋ ਅਤੇ 27 ਮੌਕਿਆਂ ਤੇ 4,223 ਕਰੋੜ ਰੁਪਏ ਓਵਰਡਰਾਫਟ ਵੱਜੋ ਪ੍ਰਾਪਤ ਕੀਤੇ। ਇਸ ਦੌਰਾਨ 4,244 ਕਰੋੜ ਰੁਪਏ ਦਾ ਭੁਗਤਾਨ ਕੀਤਾ ਅਤੇ ਨਿਲ ਬਕਾਇਆ ਬਚਿਆ 03 ਕਰੋੜ ਰੁਪਏ ਇਸ ਸਾਰਟਫਾਲ / ਓਵਰਡਰਾਫਟ ਤੇ ਵਿਆਜ ਵੱਜੋਂ ਅਦਾ ਕੀਤੇ।

### 1.4.2 ਫੰਡ ਪ੍ਰਵਾਹ ਵੇਰਵਾ

ਰਾਜ ਦਾ 14,285 ਕਰੋੜ ਰੁਪਏ ਦਾ ਮਾਲੀਆ ਘਾਟਾ ਅਤੇ 16,826 ਕਰੋੜ ਰੁਪਏ ਦਾ ਵਿੱਤੀ ਘਾਟਾ ਕੁਲ ਰਾਜ ਘਰੇਲੂ ਉਤਪਾਦ* ਦਾ ਕ੍ਰਮਵਾਰ 2.49 ਪ੍ਰਤੀਸ਼ਤ ਅਤੇ 2.93 ਪ੍ਰਸੀਸ਼ਤ ਬਣਦਾ ਹੈ। ਵਿੱਤੀ ਘਾਟਾ ਕੁਲ ਖਰਚੇ ਦਾ 18 ਪ੍ਰਤੀਸ਼ਤ ਹੈ ਅਤੇ ਇਸ ਘਾਟੇ ਦੀ ਪੂਰਤੀ ਸਾਰਵਜਨਿਕ ਕਰਜ਼ੇ (15,202 ਕਰੋੜ ਰੁਪਏ) ਸਾਰਵਜਨਿਕ ਲੇਖਿਆਂ ਵਿੱਚ ਵਾਧਾ (1,944 ਕਰੋੜ ਰੁਪਏ) ਅਤੇ ਮੁੱਢਲੀ ਬਾਕੀ ਅਤੇ ਅੰਤਿਮ ਬਾਕੀ ਦੇ ਨਿਰੋਲ (-321 ਕਰੋੜ ਰੁਪਏ) ਨਾਲ ਕੀਤਾ ਗਿਆ। ਰਾਜ ਸਰਕਾਰ ਦੀ ਮਾਲੀਆ ਪ੍ਰਾਪਤੀਆਂ (61,575 ਕਰੋੜ ਰੁਪਏ) ਦਾ ਲਗਭਗ 81 ਪ੍ਰਤਸ਼ਿਤ ਪ੍ਰਤੀਬੱਧ ਖਰਚੇ ਜਿਵੇਂ ਤਨਖਾਹਾਂ (20,857 ਕਰੋੜ ਰੁਪਏ), ਵਿਆਜ ਅਦਾਇਗਿਆਂ (17,567 ਕਰੋੜ ਰੁਪਏ) ਅਤੇ ਪੈਨਸ਼ਨਾਂ (11,676 ਕਰੋੜ ਰੁਪਏ) ਤੇ ਖਰਚ ਕੀਤਾ ਗਿਆ ਹੈ।

---

* ਭਾਰਤ ਸਰਕਾਰ ਦੇ ਆਕੜਾ ਅਤੇ ਪ੍ਰੋਗ੍ਰਾਮ ਲਾਗੂ ਕਰਨ ਵਾਲੇ ਮੰਤਰਾਲੇ ਨਵੀ ਦਿੱਲੀ ਦੀ ਵਵੈਸਾਈਟ ਤੇ 31 ਜੁਲਾਈ 2020 ਨੂੰ ਸਕਲ ਰਾਜ ਘਰੇਲੂ ਉਤਪਾਦ ਦਾ ਚਾਲੂ ਮੁੱਲ 5,74,760 ਕਰੋੜ ਰੁਪਏ ਹੈ।

## ਫੰਡਾਂ ਦੇ ਸਰੋਤ ਅਤੇ ਵਰਤੋਂ

(ਰੁਪਏ ਕਰੋੜ ਵਿੱਚ)

### ਸਰੋਤ

| ਵੇਰਵੇ | ਰਕਮ |
|---|---|
| ਮੁੱਢਲਾ ਨਕਦ ਬਕਾਇਆ 01.04.2019 ਨੂੰ | 20 |
| ਮਾਲੀਆ ਪ੍ਰਾਪਤੀਆਂ | 61,575 |
| ਕਰਜ਼ ਅਤੇ ਪੇਸ਼ਗੀਆਂ ਦੀਂ ਵਸੂਲੀ | 16,070 |
| ਸਾਰਵਜਨਿਕ ਕਰਜ਼ | 54,776 |
| ਛੋਟੀਆਂ ਬਚਤਾਂ, ਪ੍ਰਾਵੀਡੈਂਟ ਫੰਡ ਆਦਿ | 3,591 |
| ਰਾਖਵੇਂ ਫੰਡ | 2,251 |
| ਪ੍ਰਾਪਤ ਜਮ੍ਹਾਂ | 5,289 |
| ਸਿਵਿਲ ਪੇਸ਼ਗੀ ਦਾ ਭੁਗਤਾਨ | .. |
| ਉਚੰਤ ਲੇਖੇ | 78,525 |
| ਜਮ੍ਹਾਂ ਕਰਵਾਈਆਂ ਗਈਆਂ ਰਕਮਾਂ | 47 |
| ਅਚੇਤ ਨਿਧੀ | .. |
| ਕੁੱਲ | 2,22,144 |

### ਵਰਤੋਂ

| ਵੇਰਵੇ | ਰਕਮ |
|---|---|
| ਮਾਲੀਆ ਖਰਚਾ | 75,859 |
| ਪੂੰਜੀਗਤ ਖਰਚਾ | 17,828 |
| ਦਿੱਤੇ ਕਰਜ਼ੇ | 784 |
| ਸਾਰਵਜਨਿਕ ਕਰਜ਼ਿਆ ਦੀ ਅਦਾਇਗੀ | 39,574 |
| ਛੋਟੀਆਂ ਬਚਤਾਂ, ਪ੍ਰਾਵੀਡੈਂਟ ਫੰਡ ਆਦਿ | 3,589 |
| ਰਾਖਵੇਂ ਫੰਡ | 450 |
| ਖਰਚ ਕੀਤੇ ਜਮ੍ਹਾਂ | 4,857 |
| ਦਿੱਤੀਆਂ ਸਿਵਲ ਪੇਸ਼ਗੀਆਂ | .. |
| ਉਚੰਤ ਲੇਖੇ | 78,793 |
| ਜਮ੍ਹਾਂ ਕਰਾਈਆਂ ਰਕਮਾਂ | 69 |
| 31.03.2020 ਨੂੰ ਅੰਤਿਮ ਬਕਾਇਆ | 341 |
| ਕੁੱਲ | 2,22,144 |

### 1.4.3 ਰੁਪਏ ਦੀ ਆਮਦ ਕਿਥੋਂ ਹੋਈ

- 40 ਜਨਤਕ ਲੇਖੇ
- 18 ਕਰ ਆਮਦਨ
- 3 ਗੈਰ ਕਰ ਆਮਦਨ
- 7 ਅਨੁਦਾਨ ਸਹਾਇਤਾ
- 7 ਕਰਜੇ ਤੇ ਪਸ਼ੇਗੀ ਦੀ ਵਸੂਲੀ
- 25 ਜਨਤਕ ਕਰਜੇ

### 1.4.4 ਰੁਪਏ ਕਿੱਥੇ ਖਰਚ ਹੋਏ ?

- 8 ਵਿਆਜ ਅਦਾਇਗੀ
- 5 ਪੈਨਸ਼ਨ ਅਦਾਇਗੀ
- 19 ਕਰਜੇ ਦੀ ਅਦਾਇਗੀ
- 10 ਤਨਖਾਹਾਂ ਦੀ ਅਦਾਇਗੀ
- 41 ਪਬਲਿਕ ਅਦਾਇਗੀ
- 1 ਕਰਜੇ ਦਿੱਤੇ
- 1 ਸਥਾਨਕ ਸੰਸਥਾਵਾ ਨੂੰ ਅਨੁਦਾਨ ਸਹਾਇਤਾ
- 7 ਸਹਾਇਤਾ (ਉਪਦਾਨ)
- 8 ਹੋਰ ਗਤੀਵਿਧੀਆਂ

## 1.5 ਘਾਟਾ ਅਤੇ ਵਾਧਾ

(ਰੁਪਏ ਕਰੋੜ ਵਿੱਚ)

**ਘਾਟਾ**

ਘਾਟਾ ਪ੍ਰਾਪਤੀਆਂ ਅਤੇ ਖਰਚੇ ਦੇ ਅੰਤਰ ਨੂੰ ਦਰਸਾਉਂਦਾ ਹੈ। ਘਾਟੇ ਦੀ ਕਿਸਮ ਘਾਟੇ ਦੀ ਭਰਪਾਈ ਅਤੇ ਫੰਡਾਂ ਦੀ ਵਰਤੋਂ ਆਰਥਿਕ ਪ੍ਰਬੰਧਨ ਦੇ ਜਰੂਰੀ ਸੂਚਕ ਹਨ।

**ਮਾਲੀਆ ਘਾਟਾ / ਵਾਧਾ**

ਮਾਲੀਆ ਪ੍ਰਾਪਤੀਆਂ ਅਤੇ ਮਾਲੀਆ ਖਰਚ ਨੂੰ ਦਰਸਾਉਂਦਾ ਹੈ। ਮਾਲੀਆ ਖਰਚਾ ਸਰਕਾਰੀ ਅਮਲਾ ਚਲਾਉਣ ਲਈ ਜਰੂਰੀ ਹੈ ਅਤੇ ਇਹ ਮਾਲੀਆ ਪ੍ਰਾਪਤੀਆਂ ਤੋਂ ਪੂਰਾ ਕੀਤਾ ਜਾਣਾ ਚਾਹੀਦਾ ਹੈ।

**ਵਿੱਤੀ ਘਾਟਾ / ਵਾਧਾ**

ਕੁਲ ਪ੍ਰਾਪਤੀਆਂ (ਦੇਣਦਾਰੀਆਂ ਅਤੇ ਉਧਾਰ ਛੱਡ ਕੇ) ਅਤੇ ਕੁਲ ਖਰਚ ਦੇ ਅੰਤਰ ਨੂੰ ਦਰਸਾਉਂਦਾ ਹੈ। ਕਿਸ ਹੱਦ ਤੱਕ ਖਰਚ ਨੂੰ ਉਧਾਰ ਲੈ ਕੇ ਪੂਰਾ ਕੀਤਾ ਗਿਆ ਇਸ ਤੱਥ ਨੂੰ ਦਰਸਾਉਂਦਾ ਹੈ। ਉਧਾਰ ਰਾਸ਼ੀਆਂ ਨੂੰ ਪੂੰਜੀਗਤ ਯੋਜਨਾਵਾਂ ਤੇ ਨਿਵੇਸ਼ ਕੀਤਾ ਜਾਣਾ ਚਾਹੀਦਾ ਹੈ।


### 1.5.1 ਪਿਛਲੇ ਪੰਜ ਸਾਲਾਂ ਦੌਰਾਨ ਮਾਲੀਆ ਘਾਟਾ/ਵਾਧਾ ਅਤੇ ਵਿੱਤੀ ਘਾਟੇ ਦਾ ਰੁਝਾਨ ਹੇਠ ਅਨੁਸਾਰ ਹੈ :

(ਰੁਪਏ ਕਰੋੜ ਵਿੱਚ)

| ਸਾਲ | ਜੀ ਐਸ ਡੀ ਪੀ (i) | ਮਾਲੀਆ ਘਾਟਾ | ਜੀ ਐਸ ਡੀ ਪੀ ਨਾਲ ਪ੍ਰਤੀਸ਼ਤਤਾ | ਵਿੱਤੀ ਘਾਟਾ | ਜੀ ਐਸ ਡੀ ਪੀ ਨਾਲ ਪ੍ਰਤੀਸ਼ਤਤਾ |
|---|---|---|---|---|---|
| 2015-16 | 3,90,087 | 8,550 | 2.19 | 17,360 | 4.45 |
| 2016-17 | 4,27,297 | 7,311 | 1.71 | 47,071 | 11.02 |
| 2017-18 | 4,70,137 | 9,455 | 2.01 | 12,494 | 2.66 |
| 2018-19 | 5,26,376 | 13,135 | 2.49 | 16,059 | 3.05 |
| 2019-20 | 5,74,760 | 14,285 | 2.49 | 16,826 | 2.93 |

ਨੋਟ :
(i) ਸਾਲ 2015-16 ਤੱਕ ਦਾ ਸਕਲ ਰਾਜ ਘਰੇਲੂ ਉਤਪਾਦ ਪੰਜਾਬ ਸਰਕਾਰ ਦੇ ਆਰਥਿਕ ਅਤੇ ਆਂਕੜਾ ਸੰਸਥਾ ਦੁਆਰਾ ਦਿੱਤੇ ਗਏ ਆਂਕੜਿਆਂ ਤੇ ਅਧਾਰਿਤ ਸੀ, ਜਦੋਂ ਕਿ 2016-17 ਅਤੇ 2017-18 ਦੇ ਅਨੁਮਾਨਿਤ ਸਕਲ ਰਾਜ ਘਰੇਲੂ ਉਤਪਾਦ ਦੀ ਕੀਮਤ ਭਾਰਤ ਸਰਕਾਰ ਦੇ ਵਿੱਤ ਮੰਤਰਾਲੇ ਦੇ ਪਤ੍ਰਾਂਕ ਨੰ: 40(6) ਪੀ ਐਫ-1/2009 ਭਾਗ - II ਦਿਨਾਂਕ 29 ਮਾਰਚ 2016 ਅਤੇ ਈਵਨ ਨੰ.: ਭਾਗ III ਦਿਨਾਂਕ 28 ਅਗਸਤ 2017 ਦੁਆਰਾ ਦਰਸ਼ਾਈ ਗਈ ਹੈ।

## ਮਾਲੀਆ ਘਾਟਾ ਅਤੇ ਵਿੱਤੀ ਘਾਟਾ




## 1.5.2 ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬੱਜਟ ਪ੍ਰਬੰਧਣ (PFRBM) ਅਧਿਨਿਯਮ

1.5.2.1 ਪੰਜਾਬ ਸਰਕਾਰ ਦੇ ਮੌਜੂਦਾ FRBM ਅਧਿਨਿਯਮ ਮੁਤਾਬਿਕ ਹੇਠ ਲਿਖੀਆਂ ਸਿਫਾਰਸ਼ਾਂ ਨੂੰ ਪੂਰਾ ਨਹੀ ਕੀਤਾ ਗਿਆ।

(ੳ) ਲੇਖਾ ਪੱਧਤੀ, ਨੀਤੀਆਂ ਅਤੇ ਕਾਰਜ ਪ੍ਰਣਾਲੀ (**Practices**) ਵਿੱਚ ਮਹੱਤਵਪੂਰਨ ਤਬਦੀਲੀਆਂ ਜੋ ਪ੍ਰਸਤਾਵਿਤ ਵਿੱਤੀ ਨਮੂਮਿਆਂ ਨੂੰ ਪ੍ਰਭਾਵਿਤ ਕਰਨ ਜਾਂ ਕਰ ਸਕਦੀਆਂ ਹੋਣ। (ਅ) ਰਾਜ ਸਰਕਾਰ ਦੁਆਰਾ ਬਣਾਏ ਗਏ ਸਾਰੇ ਦਾਅਵੇ ਅਤੇ ਵਾਅਦੇ ਜਿਨਾਂ ਵਿੱਚ ਬਜਟ ਲਾਗੂ ਕਰਨ ਦੀ ਸੰਭਾਵੀ (ਸੰਭਾਵਨਾ) ਹੋਵੇ ਨਾਲ ਹੀ ਮਾਲੀਆਂ ਮੰਗ ਪੈਦਾ ਹੋਵੇ ਪਰ ਬਕਾਇਆ ਕਰ ਅਤੇ ਪੇਦਾ ਹੋਈ ਦੇਣਦਾਰੀ ਦਾ ਭੁਗਤਾਨ ਨਾ ਕੀਤਾ ਜਾਵੇ।

1.5.2.2. ਸਾਲ 2019-20 ਵਿੱਚ ਪੰਜਾਬ ਸਰਕਾਰ ਦੇ ਲੇਖਿਆ ਦੀ ਨਿਪੁੰਨਤਾ ਦਾ ਪਤਾ ਪੀਐਫਆਰਬੀਐਮ ਅਧਿਨਿਯਮ ਦੁਆਰਾ ਮਿਥੇ (ਨਿਰਧਾਰਿਤ) ਟੀਚਿਆਂ ਤੋਂ ਲਗਦਾ ਹੈ ਜੋ 14 ਵੇਂ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਮੁਤਾਬਿਕ ਘਾਟਾ ਅਤੇ ਵਿੱਤੀ ਘਾਟਾ ਅਤੇ ਉਧਾਰ ਨੂੰ ਲਿਖੇ ਅਨੁਸਾਰ ਦਰਸਾਉਂਦਾ ਹੈ।

| ਲੜੀ ਨੰ: | ਵਿੱਤੀ ਪੈਮਾਨੇ | ਅਸਲ ਖਰਚਾ (ਰੁਪਏ ਕਰੋੜ ਵਿੱਚ) | ਵਿੱਤੀ ਸੁਚਕਾਂਕ ਪੈਮਾਨੇ ਦੀ ਸਕਲ ਰਾਜ ਘਰੇਲੂ ਉਤਪਾਦ ਨਾਲ ਪ੍ਰਤੀਸ਼ਤਾ* | |
|---|---|---|---|---|
| | | | ਟੀਚੇ | ਪ੍ਰਾਪਤੀ |
| 1 | ਮਾਲੀਆ ਘਾਟਾ | 14,285 | 0.00 | 2.49 |
| 2 | ਵਿੱਤੀ ਘਾਟਾ | 16,826 | 3.00 | 2.93 |
| 3 | ਕਰਜ਼ | 1,94,333 | 30.07 | 33.81 |

* ਸਕਲ ਰਾਜ ਘਰੇਲੂ ਉਤਪਾਦ ਦੀ ਕੀਮਤ 5,74,760 ਕਰੋੜ ਰੁਪਏ ਭਾਰਤ ਸਰਕਾਰ ਦੇ ਆਂਕੜਾ ਅਤੇ ਪ੍ਰੋਗ੍ਰਾਮ ਲਾਗੂਕਰਨ ਵਾਲੇ ਮੰਤਰਲੇ ਨਵੀਂ ਦਿੱਲੀ ਦੀ ਵੈਬਸਾਈਟ ਤੇ 27.01.2020 ਨੂੰ ਦਰਸਾਈ ਗਈ ਹੈ।

1.5.2.3 ਵਿੱਤੀ ਘਾਟੇ ਦੀ 2018-19 ਦੇ ਸਕਲ ਰਾਜ ਘਰੇਲੂ ਉਤਪਾਦ ਦੇ 3.00 ਪ੍ਰਸ਼ੀਸ਼ਤ ਸੀਮਾਂ ਦੇ ਅਧਾਰ ਤੇ ਪੰਜਾਬ ਸਰਕਾਰ ਦੀ ਨਿਰੋਲ ਉਧਾਰ ਦੇਣਦਾਰੀ (ਕਰਜ਼) ਸੀਮਾ 17,334 ਕਰੋੜ ਰੁਪਏ ਨਿਰਧਾਰਿਤ ਕੀਤੀ ਗਈ। ਫੇਰ ਵੀ 2019-20 ਵਿੱਚ ਨਿਰੋਲ ਉਧਾਰੀ 15,202 ਕਰੋੜ ਰੁਪਏ ਰਹੀ, ਜਿਹੜੀ ਨਿਰਧਾਰਿਤ ਟੀਚੇ ਦੇ ਅੰਦਰ ਸੀ।

# ਅਧਿਆਇ II

# ਪ੍ਰਾਪਤੀਆਂ

## 2.1 ਭੂਮਿਕਾ

ਸਰਕਾਰ ਦੀਆਂ ਪ੍ਰਾਪਤੀਆਂ ਨੂੰ ਮਾਲੀਆ ਪ੍ਰਾਪਤੀਆਂ ਅਤੇ ਪੂੰਜੀਗਤ ਪ੍ਰਾਪਤੀਆਂ ਵਿੱਚ ਵੰਡਿਆ ਗਿਆ ਹੈ। ਸਾਲ 2019-20 ਵਿੱਚ ਕੁਲ 94,471 ਕਰੋੜ ਰੁਪਏ ਦੀਆਂ ਪ੍ਰਾਪਤੀਆਂ ਹੋਈਆਂ।

## 2.2 ਮਾਲੀਆ ਪ੍ਰਾਪਤੀਆਂ

ਸਰਕਾਰ ਦੀਆਂ ਮਾਲੀਆ ਪ੍ਰਾਰਤੀਆਂ ਵਿੱਚ ਤਿੰਨ ਭਾਗ ਸ਼ਾਮਲ ਹੁੰਦੇ ਹਨ ਜਿਵੇ ਕਿ ਟੈਕਸ ਮਾਲੀਆ, ਗੈਰ-ਟੈਕਸ ਮਾਲੀਆ ਅਤੇ ਅਨੁਦਾਨ ਸਾਹਇਤਾ।

**ਕਰ ਆਮਦਨ**

ਕਰ ਸਰਕਾਰ ਦੁਆਰਾ ਵਸੂਲੇ ਅਤੇ ਸੰਭਾਲੇ ਜਾਂਦੇ ਹਨ। ਸੰਵਿਧਾਨ ਦੀ ਅਨੁਛੇਦ 280(3) ਅਧੀਨ ਕੇਂਦਰੀ ਕਰਾਂ ਵਿੱਚ ਰਾਜ ਦਾ ਹਿੱਸਾ ਹੁੰਦਾ ਹੈ।

**ਗੈਰ-ਕਰ ਆਮਦਨ**

ਵਿਆਜ ਪ੍ਰਾਪਤੀਆਂ, ਲਾਭ-ਅੰਸ਼ ਅਤੇ ਲਾਭ ਆਦਿ ਸ਼ਾਮਿਲ ਹੁੰਦਾ ਹੈ।

**ਅਨੁਦਾਨ ਸਹਾਇਤਾ**

ਕੇਂਦਰੀ ਸਰਕਾਰ ਵਲੋਂ ਰਾਜ ਸਰਕਾਰ ਨੂੰ ਕੇਂਦਰੀ ਸਹਾਇਤਾ। ਇਸ ਵਿੱਚ ਵਿਦੇਸ਼ਾਂ ਤੋਂ ਪ੍ਰਾਪਤ ਬਾਹਰੀ ਅਨੁਦਾਨ ਸਹਾਇਤਾ, ਸਹਾਇਤਾ, ਸਮਾਨ ਅਤੇ ਉਪਕਰਣ ਸ਼ਾਮਿਲ ਹਨ ਜੋ ਕਿ ਕੇਂਦਰ ਸਰਕਾਰ ਦੁਆਰਾ ਦੀਤੇ ਜਾਂਦੇ ਹਨ। ਇਸ ਤੋਂ ਇਲਾਵਾ ਰਾਜ ਸਰਕਾਰ ਸੰਸਥਾਵਾਂ ਨੂੰ ਜਿਵੇਂ ਕਿ ਪੰਚਾਇਤੀ ਰਾਜ ਸੰਸਥਾਵਾਂ ਅਤੇ ਖੁਦਮੁਖਤਾਰ ਸੰਸਥਾਵਾਂ ਨੂੰ ਅਨੁਦਾਨ ਸਹਾਇਤਾ ਦਿੰਦੀ ਹੈ।

### 2.2.1 ਮਾਲੀਆ ਪ੍ਰਾਪਤੀਆਂ ਦੇ ਹਿੱਸੇ (2019-20)

(ਰੁਪਏ ਕਰੋੜ ਵਿੱਚ)

| ਹਿੱਸੇ | | ਅਸਲ |
|---|---|---|
| ੳ. | ਕਰ ਆਮਦਨ | 40,341 |
| | ਵਸਤੂ ਅਤੇ ਸੇਵਾ ਟੈਕਸ | 15,687 |
| | ਆਮਦਨ ਅਤੇ ਖਰਚੇ ਤੇ ਕਰ | 6,430 |
| | ਜਾਇਦਾਦ ਅਤੇ ਪੂੰਜੀਗਤ ਲੈਣ-ਦੇਣ ਤੇ ਕਰ | 2,324 |
| | ਮਾਲ ਅਤੇ ਸੇਵਾਵਾਂ ਤੇ ਕਰ | 15,900 |
| ਅ. | ਗੈਰ ਕਰ ਆਮਦਨ | 6,654 |
| | ਵਿਆਜ ਪ੍ਰਾਪਤੀਆਂ, ਲਾਭ ਅੰਸ਼ ਅਤੇ ਲਾਭ ਆਦਿ | 2,110 |
| | ਆਮ ਸੇਵਾਵਾਂ | 3,114 |
| | ਸਮਾਜਿਕ ਸੇਵਾਵਾਂ | 731 |
| | ਆਰਥਿਕ ਸੇਵਾਵਾਂ | 699 |
| ੲ. | ਅਨੁਦਾਨ ਸਹਾਇਤਾ ਅਤੇ ਅੰਸ਼ਦਾਨ | 14,580 |
| | ਕੁੱਲ | 61,575 |

### ਮਾਲੀਆ ਪ੍ਰਾਪਤੀਆਂ ਦੇ ਹਿੱਸੇ



## 2.2.2 ਮਾਲੀਆ ਪ੍ਰਾਪਤੀਆਂ ਦਾ ਰੁਝਾਨ


(ਰੁਪਏ ਕਰੋੜ ਵਿੱਚ)

| ਹਿੱਸੇ | 2015-16 | 2016-17 | 2017-18 | 2018-19 | 2019-20 |
|---|---|---|---|---|---|
| ਕਰ ਆਮਦਨ | 34,699 (9) | 37,346 (9) | 41,040 (9) | 43,580 (8) | 40,341 (7) |
| ਗੈਰ ਕਰ ਆਮਦਨ | 2,650 (1) | 5,863 (1) | 4,319 (1) | 7,582 (1) | 6,654 (1) |
| ਅਨੁਦਾਨ ਸਹਾਇਤਾ | 4,174 (1) | 4,776 (1) | 7,651 (2) | 11,107 (2) | 14,580 (3) |
| **ਕੁੱਲ ਮਾਲੀਆ ਪ੍ਰਾਪਤੀਆਂ** | **41,523 (11)** | **47,985 (11)** | **53,010 (11)** | **52,269 (11)** | **61,575 (11)** |
| **ਸਕਲ ਰਾਜ ਘਰੇਲੂ ਉਤਪਾਦ (i)** | **3,90,087** | **4,27,297** | **4,70,137** | **5,26,376** | **5,74,760** |

ਨੋਟ : (i) ਪੈਰਾ 1.5.1 ਦੇ ਨੀਚੇ ਦਿੱਤੇ ਨੋਟ ਅਨੁਸਾਰ ।
(ii) ਬਰੈਕਟ ਵਿਚਲੇ ਆਂਕੜੇ ਸਕਲ ਰਾਜ ਘਰੇਲੂ ਉਤਪਾਦ ਦੇ ਅਨੁਸਾਰ ਦੀ ਪ੍ਰਤੀਸ਼ਤਾ ਦਰਸਾਉਂਦੇ ਹਨ ।

ਸਕਲ ਰਾਜ ਘਰੇਲੂ ਉਤਪਾਦ ਸਾਲ 2018-19 ਦੇ ਮੁਕਾਬਲੇ 2019-20 ਵਿੱਚ 9 ਪ੍ਰਤੀਸ਼ਤ ਵਧਿਆ ਜਦੋਂ ਕਿ ਮਾਲੀਆ ਪ੍ਰਾਪਤੀਆਂ ਪਿਛਲੇ ਸਾਲ ਦੇ ਮੁਕਾਬਲੇ 1 ਪ੍ਰਤੀਸ਼ਤ ਵਧੀਆਂ ।

### ਮਾਲੀਆ ਪ੍ਰਾਪਤੀਆਂ ਦਾ ਰੁਝਾਨ




## 2.3 ਕਰ ਆਮਦਨ

(ਰੁਪਏ ਕਰੋੜ ਵਿੱਚ)

| ਉਪ ਖੇਤਰ ਵਾਰ ਕਰ ਆਮਦਨ | | | | | |
|---|---|---|---|---|---|
| ਉਪ ਖੇਤਰ | 2015-16 | 2016-17 | 2017-18 | 2018-19 | 2019-20 |
| ਵਸਤੂ ਅਤੇ ਸੇਵਾ ਕਰ | .. | .. | 9,125 | 16,474 | 15,687 |
| ਆਮਦਨ ਅਤੇ ਖਰਚ ਤੇ ਕਰ | 4,289 | 5,224 | 6,000 | 7,369 | 6,430 |
| ਜਾਇਦਾਦ ਅਤੇ ਪੂੰਜੀਗਤ ਲੇਣ ਦੇਣ ਤੇ ਕਰ | 2,505 | 2,118 | 2,226 | 2,368 | 2,324 |
| ਮਾਲ ਅਤੇ ਸੇਵਾਵਾਂ ਤੇ ਕਰ | 27,905 | 30,004 | 23,689 | 17,369 | 15,900 |
| ਕੁਲ ਕਰ ਆਮਦਨ | 34,699 | 37,346 | 41,040 | 43,580 | 40,341 |

* *Not Applicable.*

### ਉਪ-ਖੇਤਰ ਵਾਰ ਕਰ ਆਮਦਨ ਦਾ ਰੁਝਾਨ



### 2.3.1 ਰਾਜ ਦੀ ਆਪਣੀ ਕਰ ਆਮਦਨ ਵਸੂਲੀ ਦਾ ਨਿਸ਼ਪਾਦਨ

ਰਾਜ ਸਰਕਾਰ ਦੇ ਕਰ ਆਮਦਨ ਦੇ ਦੋ ਸਰੋਤ ਹਨ ਜਿਵੇਂ ਰਾਜ ਦੀ ਆਪਣੀ ਕਰ ਵਸੂਲੀ ਅਤੇ ਕੇਂਦਰੀ ਕਰਾਂ ਦੀ ਵੰਡ

(ਰੁਪਏ ਕਰੋੜ ਵਿੱਚ)

| Year | ਸਕਲ ਰਾਜ ਘਰੇਲੂ ਉਤਪਾਦ* | ਕਰ ਆਮਦਨ | ਕੇਂਦਰੀ ਕਰਾਂ ਵਿੱਚ ਰਾਜ ਦਾ ਹਿੱਸਾ | ਰਾਜ ਦੀ ਆਪਣੀ ਕਰ ਆਮਦਨ | |
|---|---|---|---|---|---|
| | | | | ਰਕਮ | ਸਕਲ ਰਾਜ ਘਰੇਲੂ ਉਤਪਾਦ ਦੀ ਪ੍ਰਤੀਸ਼ਤਤਾ |
| 2015-16 | 3,90,087 | 34,699 | 8,009 | 26,690 | 7 |
| 2016-17 | 4,27,297 | 37,346 | 9,600 | 27,747 | 6 |
| 2017-18 | 4,70,137 | 41,040 | 10,617 | 30,423 | 6 |
| 2018-19 | 5,26,376 | 43,580 | 12,005 | 31,575 | 6 |
| 2019-20 | 5,74,760 | 40,341 | 10,346 | 29,995 | 5 |

*ਪੈਰਾ 1.5.1 ਦੇ ਨੀਚੇ ਨੋਟ ਅਨੁਸਾਰ

## 2.4 ਕਰ ਵਸੂਲੀ ਦੀ ਕਾਰਜਕੁਸ਼ਲਤਾ

### ੳ. ਜਾਇਦਾਦ ਅਤੇ ਪੂੰਜੀਗਤ ਲੇਣ ਦੇਣ ਤੇ ਕਰ

(ਰੁਪਏ ਕਰੋੜ ਵਿੱਚ)

| ਹਿੱਸੇ | 2015-16 | 2016-17 | 2017-18 | 2018-19 | 2019-20 |
|---|---|---|---|---|---|
| ਮਾਲੀਆ ਵਸੂਲੀ | 2,505 | 2,118 | 2,226 | 2,368 | 2,325 |
| ਵਸੂਲੀ ਦੇ ਖਰਚ | 246 | 218 | 228 | 216 | 190 |
| ਕਰ ਵਸੂਲੀ ਨਿਪੁੰਨਤਾ ਦੀ ਪ੍ਰਤੀਸ਼ਸਤਾ | 10 | 10 | 10 | 9 | 8 |

### ਅ. ਮਾਲ ਅਤੇ ਸੇਵਾਵਾਂ ਤੇ ਕਰ

(ਰੁਪਏ ਕਰੋੜ ਵਿੱਚ)

| ਹਿੱਸੇ | 2015-16 | 2016-17 | 2017-18 | 2018-19 | 2019-20 |
|---|---|---|---|---|---|
| ਮਾਲੀਆ ਵਸੂਲੀ | 27,905 | 30,004 | 23,689 | 17,369 | 15,899 |
| ਵਸੂਲੀ ਦੇ ਖਰਚ | 254 | 249 | 191 | 202 | 227 |
| ਕਰ ਵਸੂਲੀ ਨਿਪੁੰਨਤਾ ਦੀ ਪ੍ਰਤੀਸ਼ਸਤਾ | 1 | 1 | 1 | 1 | 1 |

## 2.5 ਕੇਂਦਰੀ ਕਰਾਂ / ਡਿਊਟੀ ਵਿੱਚ ਰਾਜ ਦੇ ਹਿੱਸੇ ਦਾ ਰੁਝਾਨ

(ਰੁਪਏ ਕਰੋੜ ਵਿੱਚ)

| ਹਿੱਸੇ | 2015-16 | 2016-17 | 2017-18 | 2018-19 | 2019-20 |
|---|---|---|---|---|---|
| ਕੇਂਦਰੀ ਵਸਤੂ ਅਤੇ ਸੇਵਾ ਕਰ | .. | .. | 152 | 2,964 | 2,936 |
| ਇੰਟੀਗ੍ਰੇਟਿਡ ਵਸਤੂ ਅਤੇ ਸੇਵਾ ਕਰ | .. | .. | 1,072 | 237 | .. |
| ਨਿਗਮ ਕਰ | 2,528 | 3,082 | 3,253 | 4,177 | 3,527 |
| ਨਿਗਮ ਕਰਾਂ ਤੋਂ ਇਲਾਵਾ ਆਮਦਨ ਤੇ ਕਰ | 1,761 | 2,142 | 2,747 | 3,076 | 2,764 |
| ਆਮਦਨ ਅਤੇ ਖਰਚੇ ਤੇ ਹੋਰ ਕਰ | .. | .. | .. | 22 | .. |
| ਦੌਲਤ ਤੇ ਕਰ | 1 | 7 | .. | 1 | .. |
| ਕਸਟਮ | 1,282 | 1,326 | 1,072 | 851 | 656 |
| ਕੇਂਦਰੀ ਆਬਕਾਰੀ ਕਰ | 1,063 | 1,514 | 1,120 | 566 | 456 |
| ਸੇਵਾ ਕਰ | 1,369 | 1,529 | 1,201 | 109 | Nil |
| ਮਾਲ ਅਤੇ ਸੇਵਾਵਾਂ ਤੇ ਹੋਰ ਕਰ | 5 | .. | .. | 2 | 7 |
| ਕੇਂਦਰੀ ਕਰਾਂ ਵਿੱਚ ਰਾਜ ਦਾ ਕੁੱਲ ਹਿੱਸਾ | 8,009 | 9,600 | 10,617 | 12,005 | 10,346 |
| ਕੁੱਲ ਕਰ ਆਮਦਨ | 34,699 | 37,346 | 41,040 | 43,580 | 40,341 |
| ਕੁਲ ਕਰ ਆਮਦਨ ਵਿੱਚ ਕੇਂਦਰੀ ਕਰਾਂ ਦੀ ਪ੍ਰਤੀਸ਼ਸਤਾ | 23 | 26 | 26 | 28 | 26 |


## 2.6 ਅਨੁਦਾਨ ਸਹਾਇਤਾ

ਭਾਰਤ ਸਰਕਾਰ ਵਲੋਂ ਪ੍ਰਾਪਤ ਸਹਾਇਤਾ ਹੀ ਅਨੁਦਾਨ ਸਹਾਇਤਾ ਹੁੰਦੀ ਹੈ, ਇਸ ਵਿਚਕੇਗਰ ਪ੍ਰਯੋਜਿਤ ਯੋਜਨਾ ਸਕੀਮਾਂ ਦੀਆਂ ਗ੍ਰਾਂਟ ਕੇਂਦਰ ਪ੍ਰਯੋਜਿਤ ਸਕੀਮਾਂ ਵਿੱਤ ਕਮਿਸ਼ਨ ਗ੍ਰਾਂਟਾ ਅਤੇ ਤਬਦੀਲੀ / ਗ੍ਰਾਂਟਾ ਸ਼ਾਮਿਲ ਹਨ । ਸਾਲ 2019-20 ਵਿਚ ਕੁੱਲ 14,580 ਕਰੋੜ ਰੁਪਏ ਦੀ ਅਨੁਦਾਨ ਸਹਾਇਤਾ ਪ੍ਰਾਪਤ ਹੋਈ ਜਿਸਦਾ ਵੇਰਵਾ ਹੇਠਾਂ ਦਿੱਤਾ ਗਿਆ ਹੈ ।

(ਰੁਪਏ ਕਰੋੜ ਵਿੱਚ)

| ਹਿੱਸੇ | ਰਕਮ |
|---|---|
| ਕੇਂਦਰ ਪ੍ਰਯੋਜਿਤ ਯੋਜਨਾ ਸਕੀਮਾਂ | -68 |
| ਕੇਂਦਰ ਪ੍ਰਯੋਜਿਤ ਸਕੀਮਾਂ | 2,864 |
| ਵਿੱਤ ਕਮੀਸ਼ਨ ਗ੍ਰਾਂਟ | 2,710 |
| ਹੋਰ ਤਬਦੀਲੀ/ਰਾਜ ਨੂੰ ਸਹਾਇਤਾ/ਸੰਘ ਖੇਤਰ ਵਿਧਾਨ ਸਭਾ | 9,074 |
| **ਕੁਲ ਅਨੁਦਾਨ ਸਹਾਇਤਾ** | 14,580 |

### ਅਨੁਦਾਨ ਸਹਾਇਤਾ ਦੇ ਹਿੱਸੇ




## 2.7 ਸਾਰਵਜਨਿਕ ਕਰਜ਼ੇ

(ਰੁਪਏ ਕਰੋੜ ਵਿੱਚ)

| ਸਾਲ | 2015-16 | 2016-17 | 2017-18 | 2018-19 | 2019-20 |
|---|---|---|---|---|---|
| ਅੰਦਰੂਨੀ ਕਰਜ਼ੇ | 16,426 | 50,857 | 10,905 | 13,387 | 15,490 |
| ਕੇਂਦਰੀ ਕਰਜ਼ੇ | -49 | 327 | 125 | 940 | -288 |
| ਕੁੱਲ | 16,377 | 51,184 | 11,030 | 14,327 | 15,202 |

ਨੋਟ : ਮਨਫੀ ਰਕਮ ਪ੍ਰਾਪਤੀਆਂ ਨਾਲੋ ਅਦਾਇਗੀ ਦੇ ਵੱਧ ਨੂੰ ਦਰਸਾਉਂਦੀ ਹੈ ।

### ਸਾਰਵਜਨਿਕ ਕਰਜੇ




ਸਾਲ 2019-20 ਦੌਰਾਨ ਕੁੱਲ 27,355 ਕਰੋੜ ਰੁਪਏ ਦੇ ਕੁਲ 20 ਮਾਰਕੀਟ ਕਰਜੇ ਜਿਨਾਂ ਦੀ ਵਿਆਜ ਦਰ 6.74 ਪ੍ਰਤੀਸ਼ਤ ਤੋਂ 8.62 ਪ੍ਰਤੀਸ਼ਤ ਹੈ, ਜਿਸ ਦੀ ਮਿਆਦ ਸਾਲ 2024, 2025, 2027, 2029, 2030, 2032, 2034, 2035, 2039 ਤੋਂ 2040 ਵਿੱਚ ਪੂਰੀ ਹੁੰਦੀ ਹੈ ।


ਸਾਲ 2019-20 ਵਿੱਚ ਰਾਜ ਸਰਕਾਰ ਨੇ 54,631 ਕੋਰੜ ਰੁਪਏ ਦੇ ਅੰਦਰੂਨੀ ਕਰਜ਼ੇ ਅਤੇ 145 ਕਰੋੜ ਰੁਪਏ ਦੇ ਕੇਂਦਰ ਤੋਂ ਕਰਜ਼ੇ ਪ੍ਰਾਪਤ ਕੀਤੇ । ਪੂੰਜੀਗਤ ਖਰਚਾ ਸਿਰਫ 17,828 ਕੋਰੜ ਰੁਪਏ ਕੁੱਲ ਕਰਜ਼ੇ ਦਾ 33 ਪ੍ਰਸੀਸ਼ਤ ਹੀ ਲਿਆ । ਇਸ ਤੋਂ ਪਤਾ ਲਗਦਾ ਹੈ ਕਿ ਸਾਰਵਜਨਿਕ ਕਰਜ਼ੇ ਬਿਨਾ ਪ੍ਰਗਤੀ ਵਾਲੇ ਕੰਮ ਲਈ ਹੀ ਵਰਤੇ ਗਏ ।

## 2.7.1 ਪੂੰਜੀਗਤ ਖਰਚੇ ਤੇ ਉਧਾਰ ਲਏ ਫੰਡਾਂ ਵਿੱਚ ਅਨੁਪਾਤ

(ਰੁਪਏ ਕਰੋੜ ਵਿੱਚ)

| ਸਾਲ | ਉਦਾਰ ਲਏ ਫੰਡ | ਪੂੰਜੀਗਤ ਖਰਚਾ |
|---|---|---|
| 2015-16 | 38,428 | 3,059 |
| 2016-17 | 83,627 | 4,346 |
| 2017-18 | 45,999 | 2,352 |
| 2018-19 | 52,098 | 2,412 |
| 2019-20 | 54,776 | 17,828 |

### ਉਧਾਰ ਲਏ ਫੰਡ ਵਿੱਚੋਂ ਪੂੰਜੀਗਤ ਖਰਚ




ਆਰਥਿਕ ਅਤੇ ਸਮਾਜਿਕ ਢਾਂਚੇ ਦੀ ਰਚਨਾ/ਬਣਤਰ ਲਈ ਪੂੰਜੀ/ਸਪੰਤੀ ਲਈ ਆਮ ਤੌਰ ਤੇ ਸਰਕਾਰਾਂ ਵਿੱਤੀ ਘਾਟੇ ਜਾਂ ਉਧਾਰ ਫੰਡਾਂ ਨੂੰ ਚਾਲੂ ਰਖਦੀਆਂ ਹਨ। ਪੂੰਜੀਗਤ ਸੰਪਤੀ ਬਨਾਉਣ ਲਈ ਉਧਾਰ ਫੰਡਾਂ ਦਾ ਪੂਰਾ ਪ੍ਰਯੋਗ ਹੋਣਾ ਚਾਹੀਦਾ ਹੈ ਅਤੇ ਮਾਲੀਆ ਪ੍ਰਾਪਤੀਆਂ ਦਾ ਪ੍ਰਯੋਗ ਮੂਲ ਅਤੇ ਵਿਆਜ ਦੀ ਅਦਾਇਗੀ ਲਈ ਹੋਣਾ ਚਾਹਿਦਾ ਹੈ। ਫਿਰ ਵੀ ਸਰਕਾਰ ਨੇ ਇਸ ਸਾਲ 54,776 ਕਰੋੜ ਰੁਪਏ ਦੇ ਉਧਾਰ ਵਿੱਚੋਂ ਸਿਰਫ 17,828 ਕਰੋੜ (33 ਪ੍ਰਤੀਸ਼ਤ) ਪੂੰਜੀਗਤ ਖਰਚਾ ਕੀਤਾ। ਇਸ ਤੋਂ ਜਾਪਦਾ ਹੈ ਕਿ ਸਰਵਜਨਿਕ ਕਰਜੇ ਦਾ 67 ਪ੍ਰਤੀਸ਼ਨ 36,948 ਕਰੋੜ ਰੁਪਏ ਪਿਛਲੇ ਸਾਲ ਦੇ ਸਰਵਜਨਿਕ ਕਰਜੇ ਦੇ ਮੂਲ ਤੇ ਵਿਆਜ ਦੀ ਅਦਾਇਗੀ ਲਈ ਅਤੇ ਇਸ ਸਾਲ ਦੇ ਖਰਚੇ ਅਤੇ ਪ੍ਰਾਪਤੀਆਂ ਦੇ ਘਾਟੇ ਨੂੰ ਦਰੁਸਤ ਕਰਨ ਲਈ ਖਰਚ ਕੀਤਾ।

# ਅਧਿਆਇ III

# ਖਰਚੇ

## 3.1 ਭੂਮਿਕਾ

ਖਰਚ ਨੂੰ ਮਾਲੀਆ ਅਤੇ ਪੂੰਜੀਗਤ ਖਰਚ ਵਿੱਚ ਵੰਡਿਆ ਗਿਆ ਹੈ। ਮਾਲੀਆ ਖਰਚ ਸੰਗਠਨਾਂ ਦੇ ਹਰ ਰੋਜ਼ ਦੇ ਖਰਚਿਆਂ ਦੀ ਪੂਰਤੀ ਲਈ ਹੁੰਦਾ ਹੈ। ਪੂੰਜੀਗਤ ਖਰਚ ਸਥਾਈ ਸੰਪਦਾ ਪੈਦਾ ਕਰਨ ਲਈ ਜਾਂ ਸਥਾਈ ਸੰਪਦਾਵਾਂ ਦਾ ਉਪਯੋਗ ਵਧਾਉਣ ਲਈ ਜਾ ਸਥਾਈ ਦੇਣਦਾਰੀਆਂ ਨੂੰ ਘਟਾਉਣ ਲਈ ਕੀਤਾ ਜਾਂਦਾ ਹੈ।

**ਆਮ ਸੇਵਾਵਾਂ**: ਆਮ ਸੇਵਾਵਾਂ ਵਿੱਚ ਨਿਆਂ, ਪੁਲੀਸ, ਜੇਲ, ਪੀ. ਡਬਲਯੂ. ਡੀ. ਪੈਨਸ਼ਨ ਆਦਿ ਸ਼ਾਮਲ ਹਨ।

**ਸਮਾਜਿਕ ਸੇਵਾਵਾਂ**: ਮਸਾਜਿਕ ਸੇਵਾਵਾਂ ਵਿੱਚ ਸਿੱਖਿਆ, ਸਿਹਤ ਅਤੇ ਪਰਿਵਾਰ ਭਲਾਈ, ਪਾਣੀ ਸਪਲਾਈ ਅਤੇ ਅਨੁਸੂਚਿਤ ਜਾਤੀਆਂ/ਜਨਜਾਤੀਆਂ ਦੀ ਭਲਾਈ ਆਦਿ ਸ਼ਾਮਲ ਹੈ।

**ਆਰਥਿਕ ਸੇਵਾਵਾਂ**: ਆਰਥਿਕ ਸੇਵਾਵਾਂ ਵਿੱਚ ਖੇਤੀਬਾੜੀ, ਪੇਂਡੂ ਵਿਕਾਸ, ਸਿੰਚਾਈ, ਸਹਿਕਾਰਤਾ, ਊਰਜਾ, ਉਦਯੋਗ, ਟ੍ਰਾਂਸਪੋਰਟ ਆਦਿ ਸ਼ਾਮਲ ਹਨ।

## 3.2 ਮਾਲੀਆ ਖਰਚਾ

ਸਾਲ 2019-20 ਵਿੱਚ 75,859 ਕਰੋੜ ਰੁਪਏ ਦਾ ਮਾਲੀਆ ਖਰਚ ਹੋਇਆ ਜੋ ਕਿ ਬਜ਼ਟ ਅਨੁਮਾਨਾਂ ਤੋਂ 14,337 ਕਰੋੜ ਰੁਪਏ ਘੱਟ ਹੋਇਆ।

ਮਾਲੀਆ ਸੈਕਸ਼ਨ ਵਿੱਚ ਬਜਟ ਅਨੁਮਾਨ ਦੇ ਮੁਕਾਬਲੇ ਖਰਚ ਵਿੱਚ ਅੰਤਰ ਦਾ ਪਿਛਲੇ 5 ਸਾਲਾਂ ਦਾ ਵੇਰਵਾ ਹੇਠਾਂ ਦਿੱਤਾ ਗਿਆ ਹੈ:


(ਰੁਪਏ ਕਰੋੜ ਵਿੱਚ)

| ਹਿੱਸੇ | 2015-16 | 2016-17 | 2017-18 | 2018-19 | 2019-20 |
|---|---|---|---|---|---|
| ਬਜਟ ਅਨੁਮਾਨ | 52,623 | 58,164 | 74,865 | 86,351 | 90,197 |
| ਅਸਲ ਖਰਚ | 50,073 | 55,296 | 62,465 | 75,404 | 75,859 |
| ਅੰਤਰ | 2,550 | 2,868 | 12,400 | 10,947 | 14,337 |
| **ਬਜਟ ਅਨੁਮਾਨਾਂ ਤੇ ਅੰਤਰ ਦੀ ਪ੍ਰਤੀਸ਼ਤਤਾ** | 5 | 5 | 17 | 13 | 16 |

### 3.2.1 ਮਾਲੀਆ ਖਰਚੇ ਦੀ ਸੈਕਟਰਵਾਰ ਵੰਡ (2019-20)


(ਰੁਪਏ ਕਰੋੜ ਵਿੱਚ)

| ਲੜੀ ਨੰ: | ਹਿੱਸੇ | ਰਕਮ | ਮਾਲੀਆ ਖਰਚ ਨਾਲ ਪ੍ਰਤੀਸ਼ਸਤਾ |
|---|---|---|---|
| ੳ | ਆਮ ਸੇਵਾਵਾਂ | 38,614 | 51 |
| ੳ 1 | ਰਾਜ ਦੇ ਅੰਗ | 999 | 1 |
| ੳ 2 | ਵਿੱਤੀ ਸੇਵਾਵਾਂ | 436 | 1 |
| ੳ 3 | ਵਿਆਜ ਅਦਾਇਗੀ ਅਤੇ ਕਰਜੇ ਦੀ ਅਦਾਇਗੀ | 17,810 | 24 |
| ੳ 4 | ਪ੍ਰਸ਼ਾਸਨਿਕ ਸੇਵਾਵਾਂ | 7,693 | 10 |
| ੳ 5 | ਪੈਨਸ਼ਨ ਅਤੇ ਫੁਟਕਲ ਆਮ ਸੇਵਾਵਾਂ | 11,676 | 15 |
| ਅ | ਸਮਾਜਿਕ ਸੇਵਾਵਾਂ | 19,484 | 26 |
| ੲ | ਆਰਥਿਕ ਸੇਵਾਵਾਂ | 14,551 | 19 |
| ਸ | ਅਨੁਦਾਨ ਸਹਾਇਤਾ ਅਤੇ ਅੰਸ਼ਦਾਨ | 3,210 | 4 |
| | ਕੁੱਲ | **75,859** | 100 |




### 3.2.2 ਮਾਲੀਆ ਖਰਚ ਦੇ ਮੁੱਖ ਹਿੱਸਿਆਂ ਦਾ ਰੁਝਾਨ

ਮਾਲੀਆ ਖਰਚ ਦੇ ਮੁੱਖ ਹਿੱਸਿਆਂ ਦਾ ਰੁਝਾਨ



## 3.3 ਪੂੰਜੀਗਤ ਖਰਚੇ

ਸਾਲ 2019-20 ਵਿੱਚ ਪੂੰਜੀਗਤ ਭੁਗਤਾਨ ਸਕਲ ਰਾਜ ਘਰੇਲੂ ਉਤਪਾਦ ਦਾ 4 ਪ੍ਰਤੀਸ਼ਤ ਹੋਇਆ, ਜੋ ਕਿ ਬਜਟ ਅਨੁਮਾਨ ਤੋਂ 5,044 ਕਰੋੜ ਰੁਪਏ ਘੱਟ ਸੀ।

### 3.3.1 ਪੂੰਜੀਗਤ ਖਰਚੇ ਦੀ ਸੈਕਟਰਵਾਰ ਵੰਡ


| ਲੜੀ ਨੰ | ਭਾਗ | ਰਕਮ (ਰੁਪਏ ਕਰੋੜ ਵਿੱਚ) | ਪ੍ਰਤੀਸ਼ਤਤਾ |
|---|---|---|---|
| ੳ | ਆਮ ਸੇਵਾਵਾਂ - ਪੁਲਿਸ, ਲੋਕ ਨਿਰਮਾਣ ਆਦਿ | 154 | 1 |
| ਅ. | ਸਮਾਜਿਕ ਸੇਵਾਵਾਂ - ਸਿਖਿੱਆ, ਸਿਹਤ ਅਤੇ ਪਰਿਵਾਰ ਭਲਾਈ, ਜਲ ਪੈਰਤੀ ਅਤੇ ਅਨੁਸੂਚਿਤ ਜਾਤੀਆਂ / ਅਨੁਸੂਚਿਤ ਕਬੀਲਿਆਂ ਆਦਿ ਦੀ ਭਲਾਈ | 965 | 5 |
| ੲ. | ਆਰਥਿਕ ਸੇਵਾਵਾਂ - ਖੇਤੀਬਾੜੀ, ਦਿਹਾਤੀ ਵਿਕਾਸ, ਸਿੰਚਾਈ, ਸਹਿਕਾਰਤਾ ਉਰਜਾ, ਉਦਯੋਗ ਅਤੇ ਆਵਾਜਾਈ ਆਦਿ | 16,709 | 90 |
| ਸ. | ਕਰਜ਼ੇ ਅਤੇ ਪੇਸ਼ਗੀਆਂ ਦਾ ਭੁਗਤਾਨ | 784 | 4 |
| | **ਕੁੱਲ** | **18,612** | **100** |

### 3.3.2 ਪਿਛਲੇ 5 ਸਾਲਾਂ ਦੌਰਾਨ ਪੂੰਜੀਗਤ ਖਰਚੇ ਦੀ ਸੁਕਟਰਵਾਰ ਵੰਡ

(ਰੁਪਏ ਕਰੋੜ ਵਿੱਚ)

| ਸਾਲ | ਆਮ ਸੇਵਾਵਾਂ | ਸਮਾਜਿਕ ਸੇਵਾਵਾਂ | ਆਰਥਿਕ ਸੇਵਾਵਾਂ | ਕਰਜ ਅਤੇ ਪੇਸ਼ਗੀਆਂ | ਕੁੱਲ |
|---|---|---|---|---|---|
| 2015-16 | 253 | 828 | 1,978 | 5,969 | 9,028 |
| 2016-17 | 249 | 1,087 | 3,010 | 41,364 | 45,710 |
| 2017-18 | 180 | 916 | 1,256 | 760 | 3,112 |
| 2018-19 | 169 | 1,047 | 1,196 | 1,361 | 3,773 |
| 2019-20 | 154 | 965 | 16,709 | 784 | 18,612 |

#### ਪੂੰਜੀਗਤ ਖਰਚੇ ਦੀ ਸੈਕਟਰਵਾਰ ਵੰਡ




## 3.4 ਬਚਨਬੱਧ ਖਰਚੇ

(ਰੁਪਏ ਕਰੋੜ ਵਿੱਚ)

| ਸਾਲ | ਤਨਖਾਹ | ਵਿਆਜ | ਪੈਨਸ਼ਨ | ਕੁੱਲ |
|---|---|---|---|---|
| 2015-16 | 17,163 | 9,782 | 7,833 | 34,778 |
| 2016-17 | 17,707 | 11,642 | 8,773 | 38,122 |
| 2017-18 | 19,430 | 15,334 | 10,208 | 44,972 |
| 2018-19 | 20,300 | 16,306 | 10,089 | 46,695 |
| 2019-20 | 20,857 | 17,567 | 11,676 | 50,100 |

### ਬਚਨਬੱਧ ਖਰਚੇ ਦਾ ਰੁਝਾਨ




ਪ੍ਰਤੀਬੱਧ ਖਰਚੇ ਬਨਾਮ ਮਾਲੀਆ ਖਰਚੇ ਅਤੇ ਮਾਲੀਆ ਪ੍ਰਾਪਤੀਆਂ

(ਰੁਪਏ ਕਰੋੜ ਵਿੱਚ)

| ਹਿੱਸੇ | 2015-16 | 2016-17 | 2017-18 | 2018-19 | 2019-20 |
|---|---|---|---|---|---|
| ਪ੍ਰਤੀਬੱਧ ਖਰਚੇ | 34,778 | 38,122 | 44,972 | 46,695 | 50,100 |
| ਮਾਲੀਆ ਪ੍ਰਾਪਤੀਆ | 41,523 | 47,985 | 53,010 | 62,269 | 61,575 |
| ਪ੍ਰਤੀਬੱਧ ਖਰਚੇ ਤੇ ਮਾਲੀਆ ਪ੍ਰਾਪਤੀਆਂ ਦੀ ਪ੍ਰਤੀਸ਼ਤਤਾ | 84 | 79 | 85 | 75 | 81 |
| ਮਾਲੀਆ ਖਰਚੇ | 50,073 | 55,296 | 62,465 | 75,404 | 75,859 |
| ਪ੍ਰਤੀਬੱਧ ਖਰਚੇ ਤੇ ਮਾਲੀਆ ਖਰਚੇ ਦੀ ਪ੍ਰਤੀਸ਼ਤਤਾ | 69 | 69 | 72 | 62 | 66 |

ਪ੍ਰਤੀਬੱਧ ਖਰਚੇ ਦਾ ਉਪਰ ਵੱਲ ਰੁਝਾਣ ਸਰਕਾਰ ਦੇ ਵਿਕਾਸ ਖੇਤਰ ਲਈ ਘੱਟ ਰੁਝਾਣ ਦਰਸ਼ਾਉਂਦਾ ਹੈ ।

# ਅਧਿਆਇ IV
# ਨਮਿੱਤਣ ਲੇਖੇ

## 4.1 ਸਾਲ 2019-20 ਲਈ ਨਮਿੱਤਣ ਲੇਖੇ ਦਾ ਸਾਰ

(ਰੁਪਏ ਕਰੋੜ ਵਿੱਚ)

| ਲੜੀ ਨੰ. | ਖਰਚ ਦੀ ਕਿਸਮ | ਮੂਲ ਗ੍ਰਾਂਟ | ਅਨੁਪੂਰਕ ਗ੍ਰਾਂਟ | ਕੁੱਲ | ਅਸਲ ਖਰਚ | ਬਚਤ (-) ਵਧੀਕ (+) |
|---|---|---|---|---|---|---|
| 1. | ਮਾਲੀਆ ਖਰਚ<br>ਵੋਟਿਡ<br>ਚਾਰਜਡ | 72,346<br>17,851 | 3,075<br>234 | 75,421<br>18,085 | 58,376<br>18,024 | -17,045<br>-61 |
| 2. | ਪੂੰਜੀਗਤ ਖਰਚੇ<br>ਵੋਟਿਡ | 22,842 | 98 | 22,940 | 18,124 | -4,816 |
| 3. | ਸਾਰਵਜਨਿਕ ਕਰਜੇ<br>ਚਾਰਜਡ | 44,640 | .. | 44,640 | 39,574 | -5,066 |
| 4. | ਕਰਜੇ ਅਤੇ ਪੇਸ਼ਗੀਆਂ<br>ਵੋਟਿਡ | 814 | 160 | 974 | 784 | -190 |
| | ਕੁਲ | **1,58,493** | **3,567** | **1,62,060** | **1,34,882** | **-27,178** |

## 4.2 ਪਿਛਲੇ ਪੰਜ ਸਾਲਾਂ ਦੌਰਾਨ ਬਚਤ/ਵਧੀਕ ਦਾ ਰੁਝਾਨ

(ਰੁਪਏ ਕਰੋੜ ਵਿੱਚ)

| ਬਚਤ (-) ਵਧੀਕ (+) | | | | | |
|---|---|---|---|---|---|
| ਸਾਲ | ਮਾਲੀਆ | ਪੂੰਜੀਗਤ | ਸਾਰਵਜਨਿਕ ਕਰਜ | ਕਰਜ਼ੇ ਤੇ ਪੇਸ਼ਗੀਆਂ | ਕੁਲ |
| 2015-16 | -6,571 | -2,374 | +953 | -5,186 | -13,178 |
| 2016-17 | -9,630 | -2,054 | +921 | +33,163 | +22,400 |
| 2017-18 | -13,217 | -4,021 | -60 | -1,470 | -18,768 |
| 2018-19 | -11,695 | -4,083 | -853 | -270 | -16,901 |
| 2019-20 | -17,106 | -4,816 | -5,066 | -190 | -27,178 |

## 4.3 ਮਹੱਤਵਪੂਰਨ ਬੱਚਤਾਂ

ਕੁਲ ਸਕੀਮਾਂ/ਪ੍ਰੋਗਰਾਮਾਂ ਵਿੱਚ ਬਚਤ ਇਹ ਦਰਸਾਉਂਦੀਆਂ ਹਨ ਕਿ ਇਹ ਸਕੀਮਾਂ/ਪ੍ਰੋਗਰਾਮ ਜਾਂ ਤਾਂ ਹੌਲੀ ਲਾਗੂ ਹੋਏ ਜਾਂ ਬਿਲਕੁਲ ਲਾਗੂ ਨਹੀਂ ਹੋਏ।

ਲਗਾਤਾਰ ਅਤੇ ਮਹੱਤਵਪੂਰਣ ਬੱਚਤਾਂ ਵਾਲੀਆਂ ਕੁੱਝ ਅਨੁਦਾਨਾਂ ਹੇਠ ਲਿਖੀਆਂ ਹਨ:

(ਰੁਪਏ ਕਰੋੜ ਵਿੱਚ)

| ਅਨੁਦਾਨ ਨੰ. | ਅਨੁਦਾਨ ਦਾ ਨਾਮ | 2015-16 | 2016-17 | 2017-18 | 2018-19 | 2019-20 |
|---|---|---|---|---|---|---|
| 17 | ਸਥਾਨਕ ਸਰਕਾਰ | 14 | 55 | 61 | 39 | 46 |
| 19 | ਯੋਜਨਾ | 82 | 30 | 84 | 70 | 46 |
| 23 | ਪੇਂਡੂ ਵਿਕਾਸ ਅਤੇ ਪੰਚਾਇਤ | 40 | 58 | 63 | 62 | 67 |
| 24 | ਸਾਇੰਸ, ਤਕਨੀਕੀ ਅਤੇ ਵਾਤਾਵਰਨ | 50 | 74 | 88 | 82 | 85 |
| 28 | ਟੂਰਿਜ਼ਮ ਅਤੇ ਸੱਭਿਆਚਾਰਕ ਮਾਮਲੇ | 22 | 28 | 56 | 59 | 42 |

ਸਾਲ 2019-20 ਦੌਰਾਨ ਕੁੱਝ ਅਜਿਹੀਆਂ ਮੂਲ ਅਨੁਦਾਨਾਂ ਹਨ ਜਿਨ੍ਹਾਂ ਵਿੱਚ ਕਾਫੀ ਬੱਚਤ ਹੋਈ ਫੇਰ ਵੀ 3567 ਕਰੋੜ ਰੁਪਏ ਦੀਆਂ ਅਨੁਪੂਰਕ ਅਨੁਦਾਨਾਂ ਦਾ ਗੈਰ ਜ਼ਰੂਰੀ ਪ੍ਰਾਵਣਾਨ ਕੀਤਾ ਗਿਆ।

ਕੁੱਝ ਉਦਾਹਰਣ ਹੇਠਾਂ ਲਿਖੇ ਹਨ :

(ਰੁਪਏ ਕਰੋੜ ਵਿੱਚ)

| ਅਨੁਦਾਨ ਨੰ. | ਅਨੁਦਾਨ ਦਾ ਨਾਮ | ਭਾਗ | ਮੂਲ | ਅਨੁਪੂਰਕ | ਅਸਲ ਖਰਚਾ |
|---|---|---|---|---|---|
| 2 | ਪਸ਼ੂ ਪਾਲਣ ਅਤੇ ਮੱਛੀ ਪਾਲਣ | ਮਾਲੀਆ (ਵ) | 580 | 8 | 481 |
| 5 | ਸਿੱਖਿਆ | ਮਾਲੀਆ (ਵ) | 12,078 | 98 | 10,674 |
| 10 | ਆਮ ਪ੍ਰਬੰਧਨ | ਮਾਲੀਆ (ਵ) | 249 | 9 | 223 |
| 11 | ਸਹਿਤ ਅਤੇ ਪਰਿਵਾਰ ਭਲਾਈ | ਮਾਲੀਆ (ਵ) | 3,447 | 130 | 3,096 |
| 12 | ਗ੍ਰਹਿ ਮਾਮਲੇ | ਪੂੰਜੀਗਤ (ਵ) | 130 | 5 | 56 |
| 13 | ਉਦਯੋਗ | ਪੂੰਜੀਗਤ (ਵ) | 12 | 30 | 1 |
| 15 | ਸਿੰਚਾਈ | ਮਾਲੀਆ (ਵ) | 1,316 | 86 | 1,164 |
| 17 | ਸਥਾਨਿਕ ਸਰਦਾਕ | ਮਾਲੀਆ (ਵ) | 3,137 | 774 | 2,408 |
| 19 | ਯੋਜਨਾ | ਪੂੰਜੀਗਤ (ਵ) | 253 | 9 | 134 |
| 20 | ਬਿਜਲੀ | ਮਾਲੀਆ (ਵ) | 2,073 | 303 | 1,601 |
| 22 | ਮਾਲੀਆ ਅਤੇ ਮੁੜ ਵਸੇਬਾ | ਮਾਲੀਆ (ਵ) | 1,378 | 336 | 1,336 |
| 23 | ਪੇਂਡੂ ਵਿਕਾਸ ਅਤੇ ਪੰਚਾਇਤ | ਮਾਲੀਆ (ਵ) | 3,240 | 249 | 1,304 |
| 29 | ਯਾਤਾਯਾਤ | ਮਾਲੀਆ (ਵ) | 388 | 12 | 356 |
| 31 | ਰੋਜ਼ਗਾਰ | ਮਾਲੀਆ (ਵ) | 156 | 76 | 84 |

ਸਾਲ ਦੇ ਅੰਤ ਵਿੱਚ ਅਨੁਪੂਰਕ ਵੰਡ ਤੋਂ ਬਾਅਦ ਵੀ ਵਾਧੂ ਖਰਚਾ ਹੋਣ ਤੇ ਅਨੁਦਾਨਾਂ ਦਾ ਇੱਕ ਉਦਾਹਰਣ ਹੇਠ ਲਿਖੀਆਂ ਹੈ :-

(ਰੁਪਏ ਕਰੋੜ ਵਿੱਚ)

| ਅਨੁਦਾਨ ਨੰ. | ਅਨੁਦਾਨ ਦਾ ਨਾਮ | ਭਾਗ | ਮੂਲ | ਅਨੁਪੂਰਕ | ਅਸਲ ਖਰਚਾ |
|---|---|---|---|---|---|
| 37 | ਕਾਨੂੰਨ ਅਤੇ ਤਾਲਿਮਾਂ | ਮਾਲੀਆ (ਵ) | 152 | 14 | 170 |

# ਅਧਿਆਇ V


# ਸੰਪਦਾ ਅਤੇ ਦੇਣਦਾਰੀਆਂ

## 5.1 ਸੰਪਦਾ

ਲੇਖਿਆ ਦਾ ਮੌਜੂਦਾ ਰੂਪ ਸਰਕਾਰੀ ਸੰਪਦਾਵਾਂ ਜਿਵੇਂ ਜ਼ਮੀਨ, ਇਮਾਰਤਾਂ ਆਦਿ (ਪ੍ਰਾਪਤੀ ਜਾਂ ਖਰੀਦ ਦੇ ਸਾਲ ਨੂੰ ਛੱਡ ਕੇ) ਦਾ ਅਸਾਨੀ ਨਾਲ ਮੁਲਾਂਕਣ ਨਹੀਂ ਕਰਦਾ। ਇਸ ਤਰਾਂ ਲੇਖੇ ਮੌਜੂਦਾ ਸਾਲ ਵਿੱਚ ਹੋਣ ਵਾਲੀਆਂ ਦੇਣਦਾਰੀਆਂ ਦਾ ਅਸਰ ਤਾਂ ਦਰਸਾਉਂਦੇ ਹਨ, ਪਰ ਆਉਣ ਵਾਲੀਆਂ ਪੀੜ੍ਹੀਆਂ ਤੇ (ਵਿਆਜ ਦਰ ਅਤੇ ਕਰਜ਼ੇ ਦੀ ਮਿਆਦ ਨੂੰ ਛੱਡ ਕੇ) ਕੋਈ ਹੋਰ ਅਸਰ ਨਹੀਂ ਦਰਸਾਉਂਦੇ ਹਨ।

ਸਾਲ 2019-20 ਦੇ ਅੰਤ ਤੱਕ ਕੁੱਲ 19,898 ਕਰੋੜ ਰੁਪਏ ਦਾ ਨਿਵੇਸ਼ ਹੋਇਆ। ਸਾਲ ਦੌਰਾਨ 4.24 ਰਕੋੜ ਰੁਪਏ ਦਾ ਲਾਭਾਂਸ਼ ਪ੍ਰਾਪਤ ਹੋਇਆ। 2019-20 ਵਿੱਚ ਕੁੱਲ 15,635 ਕਰੋੜ ਰੁਪਏ ਦਾ ਨਿਵੇਸ਼ ਹੋਇਆ।

1 ਅਪ੍ਰੈਲ 2019 ਨੂੰ ਭਾਰਤੀ ਰਿਜ਼ਰਵ ਬੈਂਕ ਵਿੱਚ 20 ਕਰੋੜ ਰੁਪਏ ਨਕਦ ਬਕਾਇਆ ਸੀ ਜੋ ਕਿ 31 ਮਾਰਚ 2020 ਨੂੰ 341 ਕਰੋੜ ਰੁਪਏ ਸੀ।



## 5.2 ਕਰਜੇ ਅਤੇ ਦੇਣਦਾਰੀਆਂ

ਭਾਰਤ ਦੇ ਸੰਵਿਧਾਨ ਦਾ ਅਨੁਛੇਦ 293 ਰਾਜ ਸਰਦਾਰ ਨੂੰ ਰਾਜ ਵਿਧਾਨ ਸਭਾ ਦੁਆਰਾ ਸਮੇਂ ਸਮੇਂ ਤੇ ਨਿਯਤ ਸੀਮਾਵਾਂ, ਜੇਕਰ ਕੋਈ ਹੋਣ, ਦੇ ਅੰਦਰ ਰਾਜ ਦੀ ਸਮੇਕਿਤ ਨਿਧੀ ਦੀ ਸਕਿਉਰਿਟੀ ਉੱਤੇ ਉਧਾਰ ਰਕਮ ਲੈਣ ਦਾ ਅਖਤਿਆਰ ਦਿੰਦਾ ਹੈ।

31 ਮਾਰਚ 2020 ਨੂੰ 1,94,333 ਕਰੋੜ ਰੁਪਏ ਦੇ ਬਕਾਇਆ ਸਾਰਵਜਨਿਕ ਕਰਜੇ ਸੀ ਜਿਸ ਵਿੱਚ 1,89,662 ਕਰੋੜ ਰੁਪਏ ਦੇ ਅੰਦਰੂਨੀ ਕਰਜੇ ਅਤੇ 4,671 ਕਰੋੜ ਰੁਪਏ ਦੇ ਕੇਂਦਰੀ ਸਰਕਾਰ ਤੋਂ ਲਿੱਤੇ ਗਏ ਕਰਜ਼ੇ ਤੇ ਪੇਸ਼ਗੀਆਂ ਸ਼ਾਮਲ ਹਨ। ਸਾਰਵਜਨਿਕ ਲੇਖੇ ਅਧੀਨ ਹੋਰ ਦੇਨਦਾਰਿਆਂ 35,021 ਕਰੋੜ ਰੁਪਏ ਹਨ।

ਰਾਜ, ਜਮਾਂ ਰਕਮਾਂ ਜਿਵੇਂ ਛੋਟੀਆਂ ਬਚਤਾਂ ਤੋਂ ਉਗਰਾਹੀ, ਪ੍ਰੋਵੀਡੇਂਟ ਫੰਡ ਅਤੇ ਜਮਾਂ ਰਕਮਾਂ ਦੇ ਸਬੰਧ ਵਿਚ ਇੱਕ ਬੈਂਦਰ ਅਤੇ ਟ੍ਰਸਟੀ ਦੇ ਰੂਪ ਵਿੱਚ ਵੀ ਕੰਮ ਕਰਦਾ ਹੈ। ਸਾਲ 2019-20 ਦੌਰਾਨ ਰਾਜ ਸਰਕਾਰ ਦੀਆਂ ਅਜਿਹੀਆਂ ਦੇਣਦਾਰੀਆਂ ਦੇ ਸਬੰਧ ਵਿੱਚ 2,234 ਕਰੋੜ ਰੁਪਏ ਦਾ ਸਮੁੱਝਾ ਵਾਧਾ ਹੋਇਆ।

ਕਰਜ਼ੇ ਅਤੇ ਹੋਰ ਦੇਣਦਾਰੀਆਂ ਤੇ ਵਿਆਜ ਦੀਆਂ ਅਦਾਇਗੀਆਂ ਕੁੱਲ 17,567 ਕਰੋੜ ਰੁਪਏ ਸੀ ਜੋ ਕਿ 75,859 ਕਰੋੜ ਰੁਪਏ ਦੇ ਮਾਲੀਆ ਖਰਚੇ ਦਾ 23 ਪ੍ਰਤੀਸ਼ਤ ਹੈ। ਸਾਰਵਜਨਿਕ ਕਰਜ਼ੇ ਤੇ ਵਿਆਜ ਦੀ ਅਦਾਇਗੀ 15,254 ਕਰੋੜ ਸੀ (ਅੰਦਰੂਨੀ ਕਰਜ਼ੇ ਤੇ 15,049 ਕਰੋੜ ਅਤੇ ਕੇਂਦਰੀ ਸਰਕਾਰ ਤੋ ਲਏ ਗਏ ਕਰਜ਼ੇ ਅਤੇ ਪੇਸ਼ਗਿਆਂ ਤੇ 205 ਕਰੋੜ)। ਸਾਲ 2019-20 ਵਿੱਚ ਵਿਆਜ ਅਦਾਇਗੀਆਂ ਦੇ ਖਰਚੇ ਵਿੱਚ 2018-19 ਦੇ ਮੁਕਾਬਲੇ 1,261 ਕਰੋੜ ਰੁਪਏ ਵਾਧਾ ਹੋਇਆ।

ਸਾਲ 2019-20 ਦੇ ਦੌਰਾਨ 54,631 ਕਰੋੜ ਰੁਪਏ ਦੇ ਲਏ ਗਏ ਅੰਦਰੂਨੀ ਕਰਜ਼ੇ ਮੁੱਖ ਤੌਰ ਤੇ ਦੇਣਦਾਰੀਆਂ (ਰੁਪਏ 39,141 ਕਰੋੜ) ਅਤੇ ਵਿਆਜ ਦੀਆਂ ਅਦਾਇਗੀਆਂ (15,049 ਕਰੋੜ ਰੁਪਏ) ਲਈ ਵਰਤੇ ਗਏ।

ਸਾਰਵਜਨਿਕ ਕਰਜ਼ੇ ਅਤੇ ਰਾਜ ਸਰਕਾਰ ਦੀਆਂ ਕੁੱਲ ਦੇਣਦਾਰੀਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ।

(ਰੁਪਏ ਕਰੋੜ ਵਿੱਚ)


| ਸਾਲ | ਜੀ ਐਸ ਡੀ ਪੀ* | ਸਾਰਵਜਨਿਕ ਕਰਜ਼ | ਜੀ ਐਸ ਡੀ ਪੀ ਨਾਲ ਪ੍ਰਤੀਸ਼ਤਤਾਂ | ਸਾਰਵਜਨਿਕ ਲੇਖੇ | ਜੀ ਐਸ ਡੀ ਪੀ ਨਾਲ ਪ੍ਰਤੀਸ਼ਤਤਾਂ | ਕੁੱਲ ਦੇਣਦਾਰੀਆਂ** | ਜੀ ਐਸ ਡੀ ਪੀ ਨਾਲ ਪ੍ਰਤੀਸ਼ਤਤਾਂ |
|---|---|---|---|---|---|---|---|
| 2015-16 | 3,90,087 | 1,03,195 | 26 | 26,646 | 7 | 1,29,866 | 33 |
| 2016-17 | 4,27,297 | 1,53,773 | 36 | 28,753 | 7 | 1,82,551 | 43 |
| 2017-18 | 4,70,137 | 1,64,803 | 35 | 30,349 | 6 | 1,95,177 | 42 |
| 2018-19 | 5,26,376 | 1,79,131 | 34 | 32,856 | 6 | 2,12,012 | 40 |
| 2019-20 | 5,74,760 | 1,94,333 | 34 | 35,302 | 6 | 2,29,660 | 40 |

* ਪੈਰਾ 1.5.1 ਦੇ ਨੀਚੇ ਦਿੱਤੇ ਨੋਟ ਅਨੁਸਾਰ

** ਅਚੇਤ ਫੰਡ ਦੇ 25 ਕਰੋੜ ਰੁਪਏ ਸ਼ਾਮਲ ਹਨ

ਪਿਛਲੇ ਪੰਜ ਸਾਲਾਂ ਵਿੱਚ ਨਿਰੋਲ ਦੇਣਦਾਰੀਆਂ ਵਿੱਚ 99,794 ਕਰੋੜ ਰੁਪਏ (77 ਪ੍ਰਤੀਸ਼ਤ) ਦਾ ਨਿਰੋਲ ਵਾਧਾ ਹੋਇਆ।

## ਸਰਕਾਰੀ ਦੇਣਦਾਰੀਆਂ ਦਾ ਰੁਝਾਨ




## 5.3 ਗਰੰਟੀਆਂ

ਸਾਲ 2019-20 ਵਿੱਚ ਰਾਜ ਸਰਕਾਰ ਦੁਆਰਾ ਵੱਧ ਤੋਂ ਵੱਧ 14,434 ਕਰੋੜ ਰੁਪਏ ਦੀ ਗਰੰਟੀ ਅਧਿਨਿਯਮਿਤ ਕਾਰਪੋਰੇਸ਼ਨਾਂ, ਸਰਕਾਰੀ ਕੰਪਨੀਆਂ ਅਤੇ ਸਹਿਕਾਰੀ ਬੈਂਕਾਂ, ਸਥਾਨਕ ਸੰਸਥਾਵਾਂ ਦੁਆਰਾ ਲਏ ਕਰਜ਼ੇ ਦੀ ਵਾਪਸੀ ਲਈ ਦਿੱਤੀ ਗਈ। 31 ਮਾਰਚ 2020 ਨੂੰ 25,352 ਕਰੋੜ ਰੁਪਏ ਦੀ ਰਕਮ ਬਕਾਇਆ ਸੀ। 2019-20 ਵਿੱਚ 154 ਕਰੋੜ ਰੁਪਏ ਦ ਰਕਮ ਗਰੰਟੀ ਫੀਸ ਵੱਜੋਂ ਦੇਣੀ ਬਣਦੀ ਸੀ।ਜਦੋਂ ਕਿ ਕੇਵਲ 4 ਅਦਾਰਿਆਂ ਵੱਲੋਂ 46 ਕਰੋੜ ਰੁਪਏ ਦੀ ਗਰੰਟੀ ਫੀਸ ਦਿੱਤੀ ਗਈ।

(ਰੁਪਏ ਕਰੋੜ ਵਿੱਚ)

| ਸਾਲ ਦੇ ਅਤੇ ਵਿੱਚ | ਵੱਧ ਤੋਂ ਵੱਧ ਦਿੱਤੀ ਗਈ ਗਰੰਟੀ | ਸਾਲ ਦੇ ਅੰਤ ਵਿੱਚ ਬਕਾਇਆ ਰਕਮ |
|---|---|---|
| 2015-16 | 31,066 | 56,752 |
| 2016-17 | 15,534 | 20,608 |
| 2017-18 | 14,214 | 20,617 |
| 2018-19 | 14,287 | 23,816 |
| 2019-20 | 14,434 | 25,352 |

# ਅਧਿਆਇ VI
# ਹੋਰ ਮੱਦਾ

## 6.1 ਬਿਨਾ ਵੰਡੇ ਇੰਟੀਗ੍ਰੇਟਿਡ ਵਸਤੂ ਅਤੇ ਸੇਵਾ ਟੈਕਸ (IGST) ਦੀ ਅਗੇਤੀ ਵੰਡ ਅਤੇ ਨਿਮੱਤਣ

ਸਾਲ 2019-20 ਦੌਰਾਨ State Good & Services Tax (SGST) ਦੀ ਕੁਲੈਕਸ਼ਨ 12,751 ਕਰੋੜ ਰੁਪਏ ਕੀਤੀ ਗਈ ਹੈ। ਜਦੋ ਕਿ ਸਾਲ 2018-19 ਦੌਰਾਨ 13,273 ਕਰੋੜ ਰੁਪਏ ਕੀਤੀ ਗਈ ਸੀ । ਜੋ ਕਿ 522 ਕਰੋੜ ਰੁਪਏ ਘੱਟ ਹੈ, ਇਸ ਤੋ ਇਲਾਵਾ ਰਾਜ ਵਲੋ 14ਵੇਂ ਵਿਤ ਕਮੀਸਨ ਦੀਆਂ ਹਿਰਾਇਤ ਅਨੁਸਾਰ ਰੁਪਏ 2,936 ਕਰੋੜ ਰੁਪਏ CGST ਵਿਚੋ ਆਪਣਾ ਹਿਸਾ ਪ੍ਰਾਪਤ ਕੀਤਾ । GST ਅਧੀਨ ਕੁਲ ਰਕਮ 15,687 ਕਰੋੜ ਰੁਪਏ ਪ੍ਰਾਪਤ ਕੀਤੇ। ਇਸ ਤੋਂ ਇਲਾਵਾ ਅਤੇ 8,805 ਕਰੋੜ ਰੁਪਏ GST ਲਾਗੂ ਹੋਏ ਨੁਕਸਾਨ ਵਜੋ ਪ੍ਰਾਪਤ ਕੀਤੇ ।

## 6.2 ਬਕਾਇਆ ਬਿਉਰੇਵਾਰ ਅਗੇਤੇ ਸੰਭਾਵੀ ਬਿੱਲ

ਡਰਾਇੰਗ ਅਤੇ ਡਿਸਬਰਸਿੰਗ ਅਫਸਰ ਸੇਵਾ ਮਦ ਨੂੰ ਡੈਬਿਟ ਕਰਕੇ ਬਕਾਯਾ ਬਿਓਰੇਵਾਰ ਅਗੇਤੇ ਸੰਭਾਵੀ ਬਿੱਲ ਤਿਆਰ ਕਰਕੇ ਪੈਸੇ ਕਢਾਉਣ ਦੇ ਅਧਿਕਾਰਤ ਹਨ । ਪੰਜਾਬ ਖਜਾਨਾ ਨਿਯਮ 274 ਜਿਸ ਵਿੱਚ ਪੰਜਾਬ ਸਰਕਾਰ ਕੀਆਂ 11 ਨਵੰਬਰ ਅਤੇ 19 ਦਸੰਬਰ 2●16 ਦੀਆਂ ਹਦਾਇਤਾਂ ਅਨੁਸਾਰ ਕੀਤੀ ਗਈ ਸੋਧ ਤੇ ਅਨੁਸਾਰ ਡੀ.ਡੀ.ਉ. ਦੁਆਰਾ ਬਿਉਰੇਵਾਰ ਸੰਭਾਵੀ ਬਿੱਲ ਨਿਯੰਤਰਕ ਅਧਿਕਾਰੀ ਦੇ ਪ੍ਰਤੀ ਹਸਤਾਖਰਾਂ ਹੇਠ ਛੇ ਮਹੀਨੇ ਦੇ ਅੰਦਰ ਅੰਦਰ ਪੇਸ ਕਰਨੇ ਹੁੰਦੇ ਹਨ ।ਲੰਬੇ ਸਮੇਂ ਤੋਂ ਸੰਭਾਵੀ ਬਿੱਲ ਪੇਸ਼ ਨਾ ਕਰਨ ਕਰਕੇ ਖਰਚਾ ਸੰਭਾਵੀ ਬਿੱਲ ਅਧੀਨ ਦਰਸਾਇਆ ਜਾਂਦਾ ਹੈ ।

31 ਮਾਰਚ 2020 ਤੱਕ ਦੇ ਬਕਾਇਆ ਬਿਉਰੇਵਾਰ ਸੰਭਾਵੀ ਬਿੱਲ ਹੇਠ ਲਿਖੇ ਹਨ :

| ਸਾਲ | ਬਕਾਇਆ ਬਿਉਰੇਬਰ ਸੰਭਾਵੀ ਬਿੱਲ | |
|---|---|---|
| | ਗਿਣਤੀ | ਰਕਮ (ਰੁਪਏ ਕਰੋੜ ਵਿੱਚ) |
| Up to 2017-18 | 147 | 259 |
| 2018-19 | 183 | 1,308 |
| 2019-20 (ਸਤੰਬਰ 2●19 ਤੱਕ ਕਢਵਾਏ ਗਏ) | 265 | 225 |
| ਕੁੱਲ | 595 | 1,792 |

## 6.3 ਰਾਜ ਸਰਕਾਰ ਦੁਆਰਾ ਸਵੀਕ੍ਰਿਤ ਅਨੁਦਾਨ ਸਹਾਇਤਾ ਦੇ ਬਕਾਇਆ ਵਰਤੋਂ ਸਰਟੀਫੀਕੇਟ

ਪੰਜਾਬ ਵਿੱਤੀ ਨਿਯਮ ਵਾਲੂਯਮ ੱ ਦੇ ਨਿਯਮ 8.14 (ਲ) ਮੁਤਾਬਿਕ ਵਰਤੋਂ ਸਰਟੀਫਿਕੇਟ ਅਨੁਦਾਨ ਸਹਾਇਤਾ ਦੀ ਸਵੀਕ੍ਰਿਤੀ ਤੋਂ 18 ਮਹੀਨੇ ਦੇ ਅੰਦਰ ਏਜੀ ਪੰਜਾਬ ਨੂੰ ਪੇਸ਼ ਕਰਨੇ ਚਾਹੀਦੇ ਹਨ ।ਬਕਾਇਆ ਵਰਤੋਂ ਸਰਟੀਫਿਕੇਟਾਂ ਦੀ ਸਥਿਤੀ ਹੇਠ ਲਿਖੇ ਅਨੁਸਾਰ ਹੈ ।

ਬਕਾਇਆ ਵਰਤੋਂ ਸਰਟੀਫਿਕੇਟ ਦੀ ਸਥਿਤੀ ਹੇਠ ਅਨੁਸਾਰ

| ਸਾਲ | ਪ੍ਰਾਪਤ ਹੋਣ ਵਾਲ ਵਰਤੋਂ ਸਰਟੀਫਿਕੇਟਾਂ ਦੀ ਗਿਣਤੀ | ਰਕਮ (ਰੁਪਏ ਕਰੋੜ ਵਿੱਚ) |
|---|---|---|
| ਸਾਲ 2018-19 ਤੱਕ | 55 | 167 |
| ਸਾਲ 2019-20 (ਮਹੀਨਾ ਸਤੰਬਰ 2018 ਤੱਕ ਡਰਾਅ ਕੀਤੇ) | 39 | 279 |
| ਜੋੜ | 94 | 446 |

ਵਰਤੋਂ ਸਰਟੀਫਿਕੇਟ ਦਾ ਦੇਰ ਨਾਲ ਪੇਸ ਹੋਣਾ ਜਾਂ ਨਾ ਭੇਜਣਾ ਇਸ ਗੱਲ ਨੂੰ ਦਰਸਾਉਂਦਾ ਹੈ ਕਿ ਫੰਡ ਦੀ ਵਰਤੋ ਸਹੀ ਕੰਮ ਲਈ ਨਹੀ ਕੀਤੀ ਗਈ ।

## 6.4 ਸਮੇਕਿਤ ਸਿੰਕਿੰਗ ਫੰਡ

ਪੰਜਾਬ ਸਰਕਾਰ ਨੇ 20 ਦਸੰਬਰ 2006 ਦੇ ਹਕਮਾਂ ਰਾਹੀ ਸਮੇਕਿਤ ਸਿੰਕਿੰਗ ਫੰਡ ਦੀ ਸਥਾਪਨਾ ਕੀਤੀ ਜਿਸਦਾ ਮਕਸਦ ਵਿੱਤੀ ਸਾਲ 2011-22 ਤੋਂ ਪੈਦਾ ਹੋਈਆ ਬਕਾਇਆ ਦੇਣਦਾਰੀਆਂ ਦਾ ਨਿਪਟਾਰਾ ਕਰਨਾ ਸੀ । ਰਾਜ ਸਰਕਾਰ ਦੁਆਰਾ ਪਿਛਲੇ ਵਿੱਤੀ ਸਾਲ ਦੇ ਅੰਤ ਤੇ ਬਕਾਇਆ ਦੇਣਕਾਰੀ ਦੀ ਰਕਮ ਘੱਟੋ-ਘੱਟ 0.50 ਪ੍ਰਤੀਸ਼ਤ ਦਾ ਯੋਗਦਾਲ ਕੀਤਾ ਜਾਣਾ ਸੀ । ਇਸ ਫੰਡ ਵਿੱਚ ਯੋਗਦਾਨ ਰਿਜਰਵ ਬੈਂਕ ਤੋਂ ਉਧਾਰ ਲੈ ਕੇ ਨਹੀਂ ਕੀਤੀ ਜਾ ਸਕਦਾ ।31 ਮਾਰਚ 2019 ਨੂੰ ਪੰਜਾਬ ਸਰਕਾਰ ਦੀ ਬਕਾਇਆ ਦੇਣਦਾਰੀ 2,11,917 ਕਰੋੜ ਰੁਪਏ ਸੀ। ਇਸ ਤਰ੍ਹਾਂ ਪੰਜਾਬ ਸਰਕਾਰ 2019-20 ਵਿੱਚ ਘੱਟੋ-ਘੱਟ 1,059 ਕਰੋੜ ਰੁਪਏ (0.50 ਪ੍ਰਤੀਸ਼ਤ) ਦਾ ਯੋਗਦਾਨ ਕਰਨਾ ਬਣਦਾ ਸੀ ਜਦੋ ਕਿ ਰਾਜ ਸਰਕਾਰ ਵਲੋਂ ਫੰਡ ਵਿਖੇ ਸਿਰਫ 243 ਕਰੋੜ ਹੀ ਜਮ੍ਹਾ ਕਰਵਾਏ ਗਏ ।ਰਾਜ ਸਰਕਾਰ ਵਲੋ 2006-07 ਤੋਂ ਕੁਲ ਬਕਾਇਆ 6,300 ਕਰੋੜ ਰੁਪਏ ਨਹੀ ਜਮ੍ਹਾਂ ਕਰਵਾਏ ਗਏ। ਇਸ ਪ੍ਰਕਾਰ, ਉਕਤ ਫੰਡ ਵਿੱਚ 7,117 ਕਰੋੜ ਦਾ ਘੱਟੋ ਘੱਟ ਯੋਗਦਾਨ ਰਾਜ ਸਰਕਾਰ ਦੁਆਰਾ ਫੰਡ ਦੀ ਸ਼ੁਰੂਆਤ ਤੋਂ ਬਾਅਦ ਨਹੀਂ ਦਿੱਤਾ ਗਿਆ ਹੈ।

## 6.5 ਗਰੰਟੀ ਰਿਡੰਮਪਸ਼ਨ ਫੰਡ

ਬਾਹਰਵੇਂ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾ ਮੁਤਾਬਿਕ ਰਾਜ ਸਰਕਾਰ ਨੇ ਦਸੰਬਰ 2007 ਨੂੰ (ਜਿਸਦੀ ਸੋਧ ਸਾਲ 2013-14 ਲਈ 8 ਜਨਵਰੀ 2014 ਨੂੰ ਕੀਤੀ ਗਈ ਅਤੇ ਫਿਰ ਦੁਬਾਰਾ ਸੋਧ 2017-18 ਲਈ 23 ਅਕਤੂਬਰ 2017 ਨੂੰ ਕੀਤੀ ਗਈ, ਜਿਸਦਾ ਉਦੇਸ਼ ਰਾਜ ਪੱਧਰ ਦੀਆਂ ਸੰਸਥਾਵਾਂ ਨੂੰ ਗਰੰਟੀ ਦੇਣ ਵਜੋਂ ਪੈਦਾ ਹੋਈਆ ਇਖਲਾਕੀ ਬੰਦਿਸ਼ਾ ਨੂੰ ਪੂਰਾ ਕਰਨਾ ਸੀ । ਦਿਸ਼ਾ ਨਿਰਦੇਸ਼ਾ ਮੁਤਾਬਿਕ ਪੰਜਾਬ ਸਰਕਾਰ ਨੂੰ ਪਿਛਲੇ ਸਾਲ ਦੇ ਅੰਤ ਵਿੱਚ ਬਕਾਇਆ ਗਰੰਟੀਆ ਤੇ ਘੱਟੋ-ਘੱਟ ਇੱਕ ਪ੍ਰਤੀਸ਼ਤ ਅਤੇ ਬਾਦ ਵਿੱਚ ਘੱਟੋ-ਘੱਟ 0.50 ਪ੍ਰਤੀਸ਼ਤ ਹਰ ਸਾਲ ਅਤੇ ਅਗਲੇ ਪੰਜ ਸਾਲਾਂ ਵਿੱਚ ਘੱਟੋ-ਘੱਟ 3 ਪ੍ਰਤੀਸ਼ਤ ਯੋਗਦਾਨ ਦੇਣ ਦਾ ਉੱਪਬੰਧ ਹੈ । ਰਾਜ ਸਰਕਾਰ ਨੇ ਇਸ ਫੰਡ ਵਿੱਚ 2013-14 ਤੋਂ ਘੱਟ ਤੋਂ ਘੱਟ ਰਕਮ 1,950 ਕਰੋੜ ਦਾ ਯੋਗਦਾਨ ਵੀ ਨਹੀਂ ਦਿੱਤਾ ।

## 6.6 ਵਿਭਾਗੀ ਅਫਸਰਾਂ ਕੋਲ ਨਕਦ :

ਕੋਡਲ ਸ਼ਰਤਾ (ਉਪਬੰਧਾਂ) ਮੁਤਾਬਿਕ ਸਾਰਵਜਨਿਕ ਨਿਰਮਾਣ ਡਿਵੀਜ਼ਨਾਂ ਨੂੰ ਗੈਰ ਸਰਕਾਰੀ ਇਜੰਸੀਆਂ ਦੁਆਰਾ ਡਿਪੋਸਿਟ ਕੰਮਾਂ ਲਈ ਫੰਡ ਮੁੱਖ ਮੱਦ 8443 – ਸਿਵਿਲ ਜਮਾਂ (ਮਾਈਨਰ) ਛੋਟੀ ਮੱਦ 108 – ਸਾਰਵਜਨਿਕ ਜਮਾਂ ਅਧੀਨ ਰਕਮ ਜਮਾਂ ਕਰਨੀ ਹੁੰਦੀ ਹੈ। ਡਿਪੋਸਿਟ ਕੰਮਾਂ ਲਈ ਖਰਚਾ ਵੀ ਇਸੇ ਲੇਖਾ ਮੱਦ ਵਿੱਚੋਂ ਕੀਤਾ ਜਾਂਣਾ ਹੈ। ਡਿਵੀਜਨਾਂ ਦੇ ਮਾਸਿਕ ਲੇਖੇ ਵਿਚ ਡਿਪੋਸਿਟ ਮੁੱਖ ਮੱਦ 8671 – ਵਿਭਾਗੀ ਬਕਾਏ 101 – ਸਿਵਿਲ ਅਧੀਨ ਮੱਦ ਵਿਚ ਜਮਾਂ ਹੁੰਦੇ ਹਨ। ਇਸ ਤਰ੍ਹਾਂ ਇਹ ਸਰਕਾਰੀ ਲੇਖੇ ਦਾ ਹਿੱਸਾ ਬਣ ਜਾਂਦਾ ਹੈ। ਪਰ ਜੋ ਫੰਡ ਜਮਾਂ ਕੰਮਾਂ ਲਈ ਹੁੰਦੇ ਹਨ ਉਹ ਸਰਕਾਰ ਦੇ ਸਰਵਜਨਿਕ ਲੇਖੇ ਵਿੱਚ ਰੱਖਣ ਦੀ ਬਜਾਏ ਸਰਵਜਨਿਕ ਨਿਰਮਾਣ ਡਿਵੀਜਨ ਦੇ ਮੰਡਲੀ ਅਫਸਰਾਂ ਦੇ ਬੈਂਕ ਖਾਤੇ ਵਿੱਚ ਰੱਖੇ ਜਾਂਦੇ ਹਨ। ਜੋ ਕਿ ਸਰਕਾਰੀ ਲੇਖੇ ਤੋਂ ਬਾਹਰ ਹੁੰਦੇ ਹਨ।

ਰਾਜ ਸਰਕਾਰ ਨੇ ਮਾਰਚ 2015 ਵਿੱਚ, ਲੋਕ ਨਿਰਮਾਣ ਵਿਭਾਗਾਂ ਨੂੰ 8443 ਮਦ – ਸਿਵਲ ਡਿਪਾਜ਼ਿਟ 108 – ਪੀਡਬਲਯੂ ਡਿਪਾਜ਼ਿਟ ਦੇ ਅਧੀਨ ਖਜ਼ਾਨੇ ਵਿੱਚ ਖੋਲ੍ਹੇ ਜਾਣ ਵਾਲੇ ਖਾਤਿਆਂ ਵਿੱਚ ਫੰਡ ਜਮ੍ਹਾਂ ਕਰਨ ਦੇ ਨਿਰਦੇਸ਼ ਦਿੱਤੇ ਸਨ। ਜਦੋ ਕਿ ਉਪਰੋਕਤ ਹੁਕਮਾਂ ਤੋਂ ਬਾਦ ਵੀ ਮੰਡਲ ਅਫਸਰ ਆਪਣੇ ਬੈਂ ਖਾਤੇ ਵਿੱਚ ਫੰਡ ਜਮਾਂ ਕਰਵਾ ਰਹੇ ਹਨ। 31 ਮਾਰਚ 2020 ਤੱਕ ਸਰਵਜਨਿਕ ਨਿਰਮਾਨ ਮੰਡਲ ਅਫਸਰਾਂ ਦੇ ਖਾਤੇ ਵਿੱਚ ਕੁੱਲ 726 ਕਰੋੜ ਰੁਪਏ ਜਮਾਂ ਹਨ। ਅਗਰ ਇਹ ਫੰਡ ਖਜਾਨੇ ਵਿੱਚ ਜਮਾਂ ਕਰਵਾਏ ਜਾਣ ਤਾਂ ਰਾਜ ਸਰਕਾਰ ਦੁਆਰਾ ਰੋਜਾਨਾ ਸ਼ੁੱਧ ਨਕਦ ਬਕਾਇਆ ਨਾਲ ਉਪਾਅ ਸਾਧਨ ਅਤੇ ਪੇਸ਼ਗੀਆਂ ਤੇ ਘੱਟ ਵਿਆਜ ਦੇਣਾ ਪਵੇਗਾ।

## 6.7 ਰਾਜ ਸਰਕਾਰ ਦੁਆਰਾ ਕਰਜ਼ੇ ਅਤੇ ਪੇਸ਼ਗੀਆਂ ਦੇਣਾ

ਸਾਲ 2019-20 ਵਿੱਚ ਰਾਜ ਸਰਕਾਰ ਨੇ ਕੁੱਲ 35,395 ਕਰੋੜ ਰੁਪਏ ਉਧਾਰ ਅਤੇ ਪੇਸ਼ਗੀਆਂ ਵੱਜੋਂ ਅਦਾ ਕੀਤੇ। ਰਾਜ ਸਰਕਾਰ ਨੇ 784 ਕਰੋੜ ਰੁਪਏ ਦਾ ਕਰਜ਼ੇ ਅਤੇ ਪੇਸ਼ਗੀਆਂ ਵੱਜੋ ਭੁਗਤਾਨ ਕੀਤਾ। ਰਾਜ ਸਰਕਾਰ ਨੇ 16,070 ਕਰੋੜ (ਸਰਕਾਰੀ ਕਰਮਚਾਰਿਆਂ ਦੁਆਰਾ ਕਰਜ਼ਿਆਂ ਅਤੇ ਅਡਵਾਂਸ ਦੀ ਅਦਾਇਗੀ ਵੱਜੋਂ 30 ਕਰੋੜ ਅਤੇ ਹੋਰ ਬਕਾਇਆ ਕਰਜ਼ਿਆਂ ਅਤੇ ਅਡਵਾਂਸ ਦੀ ਅਦਾਇਗੀ ਦੇ ਰੂਪ ਵਿੱਚ 16,040 ਕਰੋੜ ਪ੍ਰਾਪਤ ਕੀਤੇ, ਜੋ ਕਿ 1 ਅਪ੍ਰੈਲ 2019 ਨੂੰ ਕੁੱਲ ਬਕਾਇਆ ਕਰਜ਼ਿਆਂ ਅਤੇ ਐਡਵਾਂਸ (50,682 ਕਰੋੜ)ਦਾ 31.71 ਫ਼ੀਸਦੀ ਹੈ। ਬਕਾਇਆ ਕਰਜ਼ੇ ਅਤੇ ਪੇਸ਼ਪੀਆਂ ਨੂੰ ਵਾਪਸ ਲੈਣ ਵਾਸਤੇ ਉਠਾਏ ਗਏ ਠੋਸ ਕਦਮ ਸਰਕਾਰ ਦੀ ਵਿੱਤੀ ਸਥਿਤੀ ਸੁਧਾਰਣ ਵਿੱਚ ਮਦਦਗਾਰ ਹੋਣਗੇ।

## 6.8 ਸਰਵਜਨਿਕ ਖੇਤਰ ਅਦਾਰਿਆ (ਪੀ.ਐਸ.ਯੂ.) ਨੂੰ ਉਧਾਰ ਦੇਣਾ

ਰਾਜ ਸਰਕਾਰ ਦੁਆਰਾ ਚਾਰ ਸਰਵਜਨਿਕ ਖੇਤਰ ਅਦਾਰਿਆਂ ਨੂੰ ਉਧਾਰ ਦਿੱਤਾ ਗਿਆ ਜਿਨਾਂ ਵਿੱਚੋ ਦੋਂ ਸਰਵਜਨਿਕ ਖੇਤਰ ਅਦਾਰੇ ਹੇਠ ਲਿਖੇ ਹਨ ਜਿਨ੍ਹਾਂ ਦੇ ਲੇਖੇ ਇਕ ਸਾਲ ਤੋਂ ਬੰਦ ਨਹੀਂ ਕੀਤੇ ਗਏ।

(ਰੁਪਏ ਕਰੋੜ ਵਿੱਚ)

| ਲੜੀ ਨੰ: | ਪੀ.ਐਸ.ਯੂ. ਦਾ ਨਾਮ | ਸਾਲ ਜਦੋਂ ਤੱਕ ਲੇਖੇ ਬੰਦ ਕੀਤੇ ਗਏ | ਉਧਾਰ ਦਿੱਤੀ ਗਈ ਰਕਮ |
|---|---|---|---|
| 1. | ਪੰਜਾਬ ਰਾਜ ਸਿਵਿਲ ਸਪਲਾਈ ਕਾਰਪੋਰੇਸ਼ਨ ਲਿਮਟਿਡ (ਪਨਸਪ) | 2016-17 | 542 |
| 2. | ਪੰਜਾਬ ਅਨਾਜ ਸੰਭਾਲ ਕਾਰਪੋਰੇਸ਼ਨ ਲਿਮਟਿਡ (ਪਨਗ੍ਰੇਨ) | 2017-18 | 35 |
| 3. | ਪੰਜਾਬ ਰਾਜ ਵੇਅਰਹਾਉਸਿੰਗ ਕਾਰਪੋਰੇਸ਼ਨ (ਪੀ.ਏਸ.ਡਬਲੂ.ਸੀ.) | 2017-18 | 10 |
| | | ਕੁੱਲ | **587** |

## 6.9 ਨਿਵੇਸ਼

ਸਰਕਾਰ ਦਾ ਕੁੱਲ 9 ਅਧਿਨਿਯਮ ਕਾਰਪੋਰੇਸਨ ਬੋਰਡਾਂ, 24 ਸਰਕਾਰੀ ਕੰਪਨੀਆਂ, 15 ਸਾਂਝਾ ਸਟਾਕ ਕੰਪਨੀਆ ਅਤੇ 7,653 ਕੋਆਪਰੇਟਿਵ ਬੈਂਕਾਂ ਅਤੇ ਸੋਸਇਟੀਆਂ ਤੇ ਨਿਵੇਸ਼ ਹੈ। 2019-20 ਦੌਰਾਨ ਪੰਜਾਬ ਸਰਕਾਰ ਨੇ 2(Entities) ਉਪਰ 15,635 ਕਰੋੜ ਰੁਪਏ ਦਾ ਵਾਧੂ ਨਿਵੇਸ਼ ਕੀਤਾ। ਸਾਲ 2019-20 ਵਿੱਚ 4 ਕਰੋੜ ਰੁਪਏ ਦਾ ਲਾਭਾਂਸ (19,898 ਕਰੋੜ ਰੁਪਏ ਦੇ ਨਿਵੇਸ਼ ਦਾ 0.02 ਪ੍ਰਤਿਸ਼ਤ) ਪ੍ਰਾਪਤ ਹੋਇਆ। ਸਾਲ 2019-20 ਦੌਰਾਨ 4 ਕਰੋੜ ਦਾ ਲਾਭਾਂਸ਼ (19,898 ਕਰੋੜ ਦੀ ਨਿਵੇਸ਼ ਕੀਤੀ ਰਕਮ ਦਾ 0.02 ਫੀਸਦੀ) ਪ੍ਰਾਪਤ ਹੋਇਆ ਸੀ। ਕੁੱਲ ਲਾਭਾਂਸ਼ ਦਾ 75 ਫੀਸਦੀ (3 ਕਰੋੜ) ਪੰਜਾਬ ਸਮਾਲ ਇੰਡਸਟਰੀਜ਼ ਐਂਡ ਐਕਸਪੋਰਟ ਕਾਰਪੋਰੇਸ਼ਨ ਲਿਮਟਿਡ, ਚੰਡੀਗੜ੍ਹ ਤੋਂ ਪ੍ਰਾਪਤ ਹੋਇਆ ਸੀ ਅਤੇ (1 ਕਰੋੜ) ਪੰਜਾਬ ਸਟੇਟ ਕੰਟੇਨਰ ਐਂਡ ਵੇਅਰਹਾਉਸਿੰਗ ਕਾਰਪੋਰੇਸ਼ਨ ਲਿਮਟਿਡ, ਚੰਡੀਗੜ੍ਹ ਤੋਂ, ਜਿਸਦਾ ਵੇਰਵਾ ਸਟੇਟਮੈਂਟ ਨੰਬਰ 8 ਅਤੇ 19 ਵਿੱਚ ਦਰਸਾਇਆ ਗਿਆ ਹੈ। ਨਿਵੇਸ਼ ਦੀਆਂ ਫਿਗਰਾਂ ਨੂੰ ਰਾਜ ਸਰਕਾਰ ਦੁਆਰਾ ਤਸਦੀਕ ਕੀਤਾ ਜਾਣਾ ਚਾਹੀਦਾ ਹੈ ਪਰ ਹੁਣ ਤੱਕ ਅਜਿਹਾ ਨਹੀਂ ਹੋਇਆ ਹੈ।

## 6.10 ਲੇਖਾ ਰੱਖਣ ਵਾਲੀਆਂ ਇਕਾਈਆਂ ਦੁਆਰਾ ਲੇਖਾ ਭੇਜਣਾ

ਪੰਜਾਬ ਸਰਕਾਰ ਦੇ ਲੇਖੇ ਦੇ ਪ੍ਰਾਪਤੀਆਂ ਅਤੇ ਖਰਚੇ ਦਾ ਸੰਕਲਨ 21 ਜਿਲਾ ਖਜਾਨਾ, 145 ਜਨਤਕ ਵਰਕਸ ਮੰਡਲ (91 ਇਮਾਰਤ ਅਤੇ ਸੜਕ 54 ਜਲ ਸਪਲਾਈ ਅਤੇ ਸੈਨੀਟੇਸ਼ਨ) 68 ਸਿੰਚਾਈ ਡਵੀਜ਼ਨ, 39 ਜੰਗਲਾਤ ਡਵੀਜ਼ਨ ਅਤੇ ਰਿਜ਼ਰਵ ਬੈਂਕ ਦੀ ਕਲੀਅਰੈਂਸ ਮੀਮੋ ਦੇ ਅਧਾਰ ਤੇ ਕੀਤਾ ਜਾਂਦਾ ਹੈ ਇਸ ਤਰਾਂ ਸਾਲ ਦੌਰਾਨ ਖਜਾਨਿਆਂ ਦੁਆਰਾ ਮਾਹਵਾਰ ਲੇਖੇ ਭੇਜਣ ਵਿੱਚ 01 ਤੋਂ 18 ਦਿਨਾ ਦੀ ਦੇਰੀ ਹੋਈ। ਵਿੱਤੀ ਸਾਲ ਵਿੱਚ ਕੋਈ ਲੇਖਾ ਬਾਹਰ ਨਹੀ ਰੱਖਿਆ ਗਿਆ।

## 6.11 ਲੇਖਿਆ ਦਾ ਮਿਲਾਨ

ਲੇਖਿਆ ਵਿੱਚ ਗਲਤ ਵਰਗੀਕੱਰਨ ਤੇ ਮੱਤਭੇਦ ਲਈ ਵਿਭਾਗ ਦਾ ਮੁਖਿਆ ਅਤੇ ਅਕਾਉਟੈਂਟ ਜਨਰਲ ਦੋਨੋਂ ਜ਼ੁੰਮੇਵਾਰ ਹੁੰਦੇ ਹਨ। ਅਜਿਹਾ ਸੰਕਲਨ ਸਾਰੇ ਮੁੱਖ ਪ੍ਰਬੰਧਕ ਅਫਸਰਾਂ ਦੁਆਰਾ ਕੀਤਾ ਜਾਂਦਾ ਹੈ ਜੋ ਲੇਖਿਆਂ ਦੇ ਖਰਚੇ ਅਤੇ ਪ੍ਰਾਪਤੀਆਂ ਲਈ ਜ਼ੁੰਮੇਦਾਰ ਹੁੰਦੇ ਹਨ।

## 6.12 ਨਵੀਂ ਪੈਨਸ਼ਨ ਸਕੀਮ

ਰਾਜ ਸਰਕਾਰ ਦੇ ਕ੍ਰਮਚਾਰੀ ਜੋ ਇਕ ਜਨਵਰੀ 2004 ਨੂੰ ਜਾਂ ਬਾਦ ਵਿਚ ਭਰਤੀ ਹੋਏ ਉਹ ਨਵੀ ਪੈਨਸ਼ਨ ਨੀਤੀ ਦੇ ਹੱਕਦਾਰ ਹਨ। ਨਵੀ ਗਠਿਤ ਡੀਫਾਇਨਡ ਹਿੱਸੇਦਾਰੀ ਪੈਨੰਸ਼ਨ ਪੰਜਾਬ ਸਰਕਾਰ ਦੇ ਪਤ੍ਰਾਂਕ 12 ਦਸੰਬਰ 2006 ਅਤੇ ਦੋਬਾਰਾ ਸੋਧ ਪੱਤਰ 25 ਮਈ 2011 ਨੂੰ ਲਾਗੂ ਹੋਈ। ਪੈਂਨਸ਼ਨ ਨੀਤੀ ਦੀਆ ਸ਼ਰਤਾਂ ਮੁਤਾਬਿਕ ਕਰਮਚਾਰੀ ਆਪਣੀ ਤਨਖਾਹ ਅਤੇ ਮਹਿੰਗਾਈ ਭੱਤੇ ਦੇ 10 ਪ੍ਰਤੀਸ਼ਤ ਦਾ ਯੋਗਦਾਨ ਦਿੰਦਾ ਹੈ। ਸਰਕਾਰ ਵਲੋਂ 1 ਅਪ੍ਰੈਲ 2019 ਤੋਂ ਸਰਕਾਰ ਦਾ ਹਿਸਾ ਵਧਾ ਕੇ 14% ਕਰ ਦਿਤਾ ਗਿਆ ਹੈ। ਇਸ ਤਰਾਂ ਸਾਰੀ ਰਕਮ ਨੂੰ ਇਕ ਨਿਰਯਾਰਿਤ ਨਿਧੀ ਪ੍ਰਬੰਧਕ ਦੁਆਰਾ ਨੈਸ਼ਨਲ ਸਿਕੂਰਿਟੀ ਡਿਪਾਜਟਰੀ ਲਿਮਟਿਡ / ਜਾ ਟ੍ਰੂਸਟੀ ਬੈਂਕ ਵਿਚ ਜਮਾਂ ਕੀਤਾ ਜਾਦਾ ਹੈ। ਕਰਮਚਾਰੀਆਂ ਦੀ ਅਸਲ ਰਕਮ ਅਤੇ ਯੋਜਨਾ ਵਿੱਚ ਸਰਕਾਰ ਦੁਆਰਾ ਪ੍ਰਾਪਤ ਯੋਗਦਾਨ ਦਾ ਅਨੁਮਾਨ ਨਹੀਂ ਲਗਾਇਆ ਗਿਆ ਹੈ. ਇਸ ਲਈ, ਇਸਦੀ ਪੁਸ਼ਟੀ ਨਹੀਂ ਕੀਤੀ ਜਾ ਸਕਦੀ ਕਿ ਕਰਮਚਾਰੀਆਂ ਦੇ ਯੋਗਦਾਨ ਦੀਆਂ ਸਮੁੱਚੀਆਂ ਕਟੌਤੀਆਂ ਜਨਤਕ ਖਾਤੇ ਵਿੱਚ ਟ੍ਰਾਂਸਫ਼ਰ ਕੀਤੀਆਂ ਗਈਆਂ ਹਨ ਅਤੇ ਕੀ ਕਰਮਚਾਰੀਆਂ ਦੇ ਯੋਗਦਾਨ ਦੇ ਨਾਲ ਇਕੱਠੀ ਕੀਤੀ ਗਈ ਰਕਮ ਨੈਸ਼ਨਲ ਸਿਕਉਰਿਟੀਜ਼ ਡਿਪਾਜ਼ਟਰੀ ਲਿਮਟਿਡ (ਐਨਐਸਡੀਐਲ)/ਟਰੱਸਟੀ ਬੈਂਕ ਨੂੰ ਟ੍ਰਾਂਸਫਰ ਕੀਤੀ ਗਈ ਹੈ.

ਸਕੀਮ ਦੀਆਂ ਸ਼ਰਤਾਂ ਦੇ ਅਨੁਸਾਰ, 2019-20 ਦੇ ਦੌਰਾਨ, ਕਰਮਚਾਰੀਆਂ ਦੇ 747 ਕਰੋੜ ਦੇ ਯੋਗਦਾਨ ਨੂੰ ਮੇਜਰ ਹੈਡ 8342-ਹੋਰ ਡਿਪਾਜ਼ਿਟਸ 117-ਨਿਰਧਾਰਤ ਯੋਗਦਾਨ ਪੈਨਸ਼ਨ ਸਕੀਮ ਅਧੀਨ ਸਰਕਾਰੀ ਕਰਮਚਾਰੀਆਂ ਲਈ ਨਿਰਧਾਰਤ ਪ੍ਰਕਿਰਿਆ ਅਨੁਸਾਰ ਸਾਰਵਜਨਿਕ ਲੇਖੇ ਵਿੱਚ ਬੁੱਕ ਕੀਤਾ ਗਿਆ ਸੀ। ਨਵੀਂ ਪੈਨਸ਼ਨ ਸਕੀਮ ਲਈ ਸਰਕਾਰ ਦੇ 708 ਕਰੋੜ ਦੇ ਯੋਗਦਾਨ ਨੂੰ ਐਨਐਸਡੀਐਲ/ਟਰੱਸਟੀ ਬੈਂਕ ਨੂੰ ਟ੍ਰਾਂਸਫਰ ਕੀਤਾ ਗਿਆ, ਅਤੇ ਮੇਜਰ ਹੈਡ 2071-ਪੈਨਸ਼ਨ ਅਤੇ ਹੋਰ ਰਿਟਾਇਰਮੈਂਟ ਲਾਭ 01- ਸਿਵਲ 117- ਪਰਿਭਾਸ਼ਿਤ ਯੋਗਦਾਨ ਪੈਨਸ਼ਨ ਸਕੀਮ ਨੂੰ ਡੈਬਿਟ ਕੀਤਾ ਗਿਆ।

12 ਜੁਲਾਈ 2010 ਦੇ ਸਰਕਾਰੀ ਮੈਮੋ ਵਿੱਚ ਨਿਰਧਾਰਤ ਕੀਤੇ ਅਨੁਸਾਰ, ਵਿਰਾਸਤ ਅਵਧੀ ਦੇ 31 ਮਾਰਚ 2011 ਤਕ ਦੇ ਐਨਪੀਐਸ ਬੈਲੇਂਸ ਨੂੰ ਦੇਰੀ ਨਾਲ ਟ੍ਰਾਂਸਫਰ ਕਰਨ ਦੇ ਕਾਰਨ ਸਾਲ 2018-19 ਤੱਕ 8.00 ਪ੍ਰਤੀਸ਼ਤ ਦੀ ਦਰ ਨਾਲ ਵਿਆਜ ਦੀ ਰਕਮ ਨੂੰ ਮਦ 8342-117 ਵਿੱਚ ਜਮ੍ਹਾਂ ਕਰਵਾਯਾ ਜਾ ਰਿਹਾ ਸੀ।

ਐਨਪੀਐਸ ਰਕਮ ਦੇ ਵਿਰਾਸਤੀ ਬਕਾਏ ਲਈ 91 ਕਰੋੜ (2016-17 ਤੱਕ) ਦੀ ਬਕਾਇਆ ਵਿਆਜ ਦੇਣਦਾਰੀ ਸੀ। ਰਾਜ ਸਰਕਾਰ ਨੇ ਐਨਪੀਐਸ ਬੈਲੇਂਸ ਦੇਰੀ ਨਾਲ ਟ੍ਰਾਂਸਫਰ ਕਰਨ ਦੇ ਕਾਰਨ 2019-20 ਦੇ ਦੌਰਾਨ ਕੋਈ ਵਿਆਜ ਨਹੀਂ ਦਿੱਤਾ ਹੈ। ਰਾਜ ਸਰਕਾਰ 2011-12 ਤੋਂ 2019-20 ਦੀ ਮਿਆਦ ਲਈ ਫੰਡ ਦੇ ਬਕਾਏ ਲਈ ਵਿਆਜ ਦਾ ਭੁਗਤਾਨ ਕਰਨ ਲਈ ਵੀ ਜ਼ਿੰਮੇਵਾਰ ਹੈ, ਜੋ ਕਿ ਐਨਐਸਡੀਐਲ/ਟਰੱਸਟੀ ਬੈਂਕ ਨੂੰ ਨਿਰਧਾਰਤ ਸਮੇਂ ਦੇ ਅੰਦਰ ਜੇਨੇਰਾਲ ਪ੍ਰੋਵਿਡੇਂਟ ਫੁੰਡ ਗਾਹਕਾਂ 'ਤੇ ਲਾਗੂ ਵਿਆਜ ਦਰਾਂ' ਤੇ ਟ੍ਰਾਂਸਫਰ ਕੀਤਾ ਜਾਣਾ ਹੈ।

ਸਾਲ ਦੇ ਦੌਰਾਨ, ਸਾਰਵਜਨਿਕ ਲੇਖੇ ਵਿੱਚ ਮਦ 8342-117 ਦੇ ਅਧੀਨ ਪਏ 930 ਕਰੋੜ (ਓਭ: 183 ਕਰੋੜ + ਕਰਮਚਾਰੀਆਂ ਦਾ ਯੋਗਦਾਨ) ਦੇ ਵਿਰੁੱਧ, ਰਾਜ ਸਰਕਾਰ ਨੇ ਫੰਡ ਵਿੱਚੋਂ ਸਿਰਫ 729 ਕਰੋੜ ਐਨਐਸਡੀਐਲ / ਟਰੱਸਟੀ ਬੈਂਕ ਨੂੰ ਟ੍ਰਾਂਸਫਰ ਕੀਤੇ, 31 ਮਾਰਚ 2020 ਨੂੰ 201 ਕਰੋੜ ਦਾ ਬਕਾਇਆ ਛੱਡ ਕੇ, ਜੋ ਕਿ ਕਰਮਚਾਰੀਆਂ ਦੇ ਪੂਰੇ ਵੇਰਵਿਆਂ ਦੀ ਘਾਟ ਕਾਰਨ ਫੰਡ ਪ੍ਰਬੰਧਕਾਂ ਨੂੰ ਟ੍ਰਾਂਸਫ਼ਰ ਨਹੀਂ ਕੀਤਾ ਜਾ ਸਕਿਆ।

ਇਕੱਤਰ ਕੀਤੇ ਵਿਆਜ ਦੇ ਨਾਲ ਅਣ-ਇਕੱਠੀ ਅਤੇ ਗੈਰ-ਟ੍ਰਾਂਸਫਰ ਕੀਤੀ ਰਕਮ ਸਕੀਮ ਦੇ ਅਧੀਨ ਰਾਜ ਸਰਕਾਰ ਦੀਆਂ ਬਕਾਇਆ ਦੇਣਦਾਰੀਆਂ ਨੂੰ ਦਰਸਾਉਂਦੀ ਹੈ.

## 6.13 ਓਦਯੇ (UDAY)

ਉਰਜਾ ਮੰਤਰਾਲੇ, ਭਾਰਤ ਸਰਕਾਰ ਨੇ ਨਵੰਬਰ 2015 ਵਿੱਚ ਡਿਸਕੌਮਜ਼ ਦੀ ਕਾਰਜਸ਼ੀਲ ਅਤੇ ਵਿੱਤੀ ਕੁਸ਼ਲਤਾ ਵਿੱਚ ਸੁਧਾਰ ਲਿਆਉਣ ਦੇ ਉਦੇਸ਼ ਨਾਲ ਬਿਜਲੀ ਵੰਡ ਕੰਪਨੀਆਂ (ਡਿਸਕੌਮਜ਼) ਦੇ ਵਿੱਤੀ ਬਦਲਾਅ ਲਈ ਇੱਕ ਸਕੀਮ, ਉਦਯੇ (ਉਜਵਲ ਡਿਸਕੌਮ ਬੀਮਾ ਯੋਜਨਾ) ਨੂੰ ਪ੍ਰਵਾਨਗੀ ਦਿੱਤੀ।

ਇਸ ਯੋਜਨਾ ਦੇ ਤਹਿਤ, 30 ਸਤੰਬਰ 2015 ਨੂੰ ਡਿਸਕਾਮ ਕਰਜ਼ੇ ਦੇ 75 ਪ੍ਰਤੀਸ਼ਤ ਹਿੱਸੇ ਦੀ ਜ਼ਿਮ੍ਮੇਵਾਰੀ ਪੰਜਾਬ ਸਰਕਾਰ ਦਵਾਰਾ 2 ਸਾਲਾਂ ਵਿਚ ਲਿੱਤੇ ਜਾਂ ਲਈ, ਭਾਰਤ ਸਰਕਾਰ, ਪੰਜਾਬ ਸਰਕਾਰ ਅਤੇ ਰਾਜ ਡਿਸਕਾਮ ਭਾਵ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀਐਸਪੀਸੀਐਲ) ਦੇ ਵਿੱਚ 4 ਮਾਰਚ 2016 ਨੂੰ ਇੱਕ ਤ੍ਰੈ -ਪੱਖੀ ਸਹਿਮਤੀ ਪੱਤਰ (ਐਮਓਯੂ) ਲਾਗੂ ਕੀਤਾ ਗਿਆ ਸੀ।

ਸਕੀਮ ਦੇ ਅਨੁਸਾਰ, ਰਾਜ ਸਰਕਾਰ ਨੇ ਰਿਜ਼ਰਵ ਬੈਂਕ ਆਫ਼ ਇੰਡੀਆ (ਆਰਬੀਆਈ) ਦੁਆਰਾ ਬਾਂਡ ਜਾਰੀ ਕਰਕੇ (30 ਸਤੰਬਰ 2015 ਤੱਕ) ਕੁਲ ਬਕਾਯਾ ਕਰਜੇ (20,838 ਕਰੋੜ) ਵਿਚੋਂ ਪੀਐਸਪੀਸੀਐਲ ਦਾ 15,628 ਕਰੋੜ ਰੁਪਏ ਦੇ ਕਰਜ਼ੇ ਨੂੰ 2015-16 ਅਤੇ 2016-17 ਦੇ ਦੌਰਾਨ ਟੇਕ ਓਵਰ ਕੀਤਾ। ਰਾਜ ਸਰਕਾਰ ਦੁਆਰਾ ਲਏ ਗਏ ਕਰਜ਼ੇ ਨੂੰ ਲੋਨ ਦੇ ਰੂਪ ਵਿੱਚ ਪੀਐਸਪੀਸੀਐਲ ਨੂੰ ਟ੍ਰਾਂਸਫਰ ਕੀਤਾ ਗਿਆ ਸੀ। 2019-20 ਦੇ ਦੌਰਾਨ, 15,628 ਕਰੋੜ ਦੇ ਉਪਰੋਕਤ ਕਰਜ਼ੇ ਵਿੱਚੋਂ, 11,728 ਕਰੋੜ ਦੀ ਰਕਮ ਨੂੰ ਰਾਜ ਸਰਕਾਰ ਦੁਆਰਾ ਗ੍ਰਾਂਟ-ਇਨ-ਏਡ ਅਤੇ 3,900 ਕਰੋੜ ਨੂੰ ਇਕੁਇਟੀ ਵਿੱਚ ਤਬਦੀਲ ਕਰਨ ਦੀ ਲੋੜ ਸੀ।

ਜਦੋਂ ਕਿ, ਰਾਜ ਸਰਕਾਰ ਨੇ 15,628 ਕਰੋੜ ਦੇ ਕਰਜ਼ੇ ਦੀ ਸਾਰੀ ਰਕਮ ਨੂੰ ਇਕੁਇਟੀ ਵਿੱਚ ਬਦਲ ਦਿੱਤਾ। ਇਸ ਤੋਂ ਇਲਾਵਾ, ਸਾਲ 2019-20 ਦੇ ਦੌਰਾਨ, ਰਾਜ ਸਰਕਾਰ ਨੂੰ ਡਿਸਕਾਮ ਦੇ 2018-19 ਦੇ ਨੁਕਸਾਨ (38 ਕਰੋੜ ) ਦੇ 25 ਪ੍ਰਤੀਸ਼ਤ ਹਿੱਸੇ ਨੂੰ ਗ੍ਰਾਂਟ-ਇਨ-ਏਡ ਰਾਹੀਂ ਫੰਡ ਕਰਨ ਦੀ ਲੋੜ ਸੀ ਯਾਨੀ ਕਿ 9 ਕਰੋੜ, ਜੋ ਕਿ ਨਹੀਂ ਕੀਤਾ ਗਿਆ।

ਇਸ ਪ੍ਰਕਾਰ, ਰਾਜ ਸਰਕਾਰ ਦੇ ਮਾਲੀਆ ਘਾਟੇ ਨੂੰ 11,738 ਕਰੋੜ (11,728 ਕਰੋੜ + 9 ਕਰੋੜ) ਅਤੇ ਵਿੱਤੀ ਘਾਟਾ 9 ਕਰੋੜ ਤੋਂ ਘੱਟ ਦਰਸ਼ਾਇਆ ਗਿਆ ਹੈ।

## 6.14 ਰਾਜ ਮੁਆਵਜਾ ਵਣਨ

ਸੰਸਦ ਨੇ 3 ਅਗਸਤ, 2016 ਨੂੰ 'ਦਿ ਕੰਪੈਂਸਟੇਰੀ ਫੌਰੈਸਟੇਸ਼ਨ ਫੰਡ ਐਕਟ, 2016' ਬਣਾਇਆ ਹੈ। ਐਕਟ ਦੇ ਉਦੇਸ਼ਾਂ ਲਈ, ਪੰਜਾਬ ਸਰਕਾਰ ਦੁਆਰਾ ਪੰਜਾਬ ਦੇ ਸਾਰਵਜਨਿਕ ਲੇਖੇ ਦੇ ਅਧੀਨ "ਪੰਜਾਬ ਸਟੇਟ ਕੰਪੈਂਸਟੇਰੀ ਫੌਰੈਸਟੇਸ਼ਨ ਫੰਡ" ਕਹੇ ਜਾਣ ਵਾਲੇ ਇੱਕ ਵਿਸ਼ੇਸ਼ ਫੰਡ ਦੀ ਸਥਾਪਨਾ ਕੀਤੀ ਗਈ ਹੈ, ਜਿਸਦਾ ਪ੍ਰਬੰਧਨ ਪੰਜਾਬ ਸਟੇਟ ਕੰਪੈਂਸਟੇਰੀ ਫੌਰੈਸਟੇਸ਼ਨ ਫੰਡ ਪ੍ਰਬੰਧਨ ਅਤੇ ਯੋਜਨਾ ਅਥਾਰਟੀ ਦੁਆਰਾ ਕੀਤਾ ਜਾਣਾ ਹੈ।

ਸਾਲ 2019-20 ਦੇ ਦੌਰਾਨ, ਰਾਜ ਸਰਕਾਰ ਨੇ ਭਾਰਤ ਸਰਕਾਰ ਤੋਂ 1,041 ਕਰੋੜ ਪ੍ਰਾਪਤ ਕੀਤੇ ਜੋ ਮਦ 8121-129- ਸਟੇਟ ਕੰਪੈਂਸਟੇਰੀ ਫੌਰੈਸਟੇਸ਼ਨ ਫੰਡ ਦੇ ਅਧੀਨ ਕ੍ਰੈਡਿਟ ਕੀਤੇ ਗਏ ਹਨ। ਮੇਜਰ ਹੈਡ 2406-ਫੌਰੈਸਟਰੀ ਐਂਡ ਵਾਈਲਡ ਲਾਈਫ 04-ਵਣ ਅਤੇ ਵਾਤਾਵਰਣ ਵਿਕਾਸ 103- ਸਟੇਟ ਕੰਪੈਂਸਟੇਰੀ ਫੌਰੈਸਟੇਸ਼ਨ ਦੇ ਅਧੀਨ 51 ਕਰੋੜ ਰੁਪਏ ਦਾ ਖਰਚ ਕੀਤਾ ਗਿਆ ਹੈ। ਮੌਜੂਦਾ ਪ੍ਰਾਪਤੀਆਂ ਬਾਰੇ ਜਾਣਕਾਰੀ ਰਾਜ ਸਰਕਾਰ ਤੋਂ ਪ੍ਰਾਪਤ ਨਹੀਂ ਕੀਤੀ ਗਈ ਹੈ। ਫੰਡ ਵਿੱਚੋਂ ਖਰਚਿਆਂ ਦੀ ਭਰਪਾਈ ਅਤੇ ਵਿਆਜ ਜਮ੍ਹਾਂ ਕਰਾਉਣ ਲਈ ਰਾਜ ਸਰਕਾਰ ਤੋਂ ਕੋਈ ਮਨਜ਼ੂਰੀ ਪ੍ਰਾਪਤ ਨਹੀਂ ਹੋਈ ਹੈ। ਇਸ ਦੇ ਨਤੀਜੇ ਵਜੋਂ ਮਾਲੀਆ ਘਾਟਾ ਅਤੇ ਵਿੱਤੀ ਘਾਟਾ ਇਸ ਦੇ ਅੰਤਰ ਦੀ ਹੱਦ ਤੱਕ ਜ਼ਿਆਦਾ/ਘੱਟ ਦਰਸ਼ਾਯਾ ਗਿਆ ਹੈ।

## 6.15 ਉਚੰਤ ਲੇਖੇ ਦੀ ਸਥਿਤੀ

ਮੁੱਖ ਮੱਦ 8658 - ਉਚੰਤ ਲੇਖੇ ਦੇ ਬਕਾਇਆ ਬੈਲੇਂਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

(ਰੁਪਏ ਕਰੋੜ ਵਿੱਚ)

| ਮੁੱਖ ਲੇਖਾ | | 2017-18 | | 2018-19 | | 2019-20 | |
|---|---|---|---|---|---|---|---|
| | | ਡੈਬਿਟ | ਕਰੈਡਿਟ | ਡੈਬਿਟ | ਕਰੈਡਿਟ | ਡੈਬਿਟ | ਕਰੈਡਿਟ |
| 1 | | 2 | 3 | 4 | 5 | 6 | 7 |
| 8658 | | | | | | | |
| 101 | ਪੇ ਐਂਡ ਅਕਾਊਂਟਸ ਉਚੰਤ | 70.63 | 4.44 | 55.24 | 0.03 | 70.75 | 0.04 |
| | **ਨਿਰੋਲ ਡੈਬਿਟ/ਕਰੈਡਿਟ** | **66.19 Dr.** | | **55.21 Dr.** | | **70.71 Dr.** | |
| 102 | ਉਚੰਤ ਲੇਖਾ-ਸਿਵਿਲ | 0.19 | – | 29.53 | – | 18.30 | – |
| | **ਨਿਰੋਲ ਡੈਬਿਟ/ਕਰੈਡਿਟ** | **0.19 Dr.** | | **29.53 Dr.** | | **18.30 Dr.** | |
| 109 | ਰਿਜ਼ਰਵ ਬੈਂਕ ਉਚੰਤ (ਹੈਡਕੁਆਟਰਜ) | 0.04 | – | 0.66 | – | 0.33 | – |
| | **ਨਿਰੋਲ ਡੈਬਿਟ/ਕਰੈਡਿਟ** | **0.04 Dr.** | | **0.66 Dr.** | | **0.33 Dr.** | |
| 110 | ਰਿਜ਼ਰਵ ਬੈਂਕ ਉਚੰਤ (ਕੇਂਦਰੀ ਲੇਖਾ ਦਫਤਰ ) | – | – | 0.69 | – | 22.27 | – |
| | **ਨਿਰੋਲ ਡੈਬਿਟ/ਕਰੈਡਿਟ** | **–** | | **0.69 Dr.** | | **22.27 Dr.** | |
| 112 | ਸਰੋਤ ਤੋਂ ਟੈਕਸ ਦੀ ਕਟੌਤੀ ਉਚੰਤ | – | 15.42 | – | 1,24.06 | – | 1,19.96 |
| | **ਨਿਰੋਲ ਡੈਬਿਟ/ਕਰੈਡਿਟ** | **15.42 Cr.** | | **1,24.06 Cr.** | | **1,19.96 Cr.** | |
| 123 | ਏ ਆਈ ਐਸ ਅਫਸਰਾਂ ਦੀ ਗਰੁੱਪ ਬੀਮਾ ਸਕੀਮ | – | 0.14 | – | 0.09 | – | 0.11 |
| | **ਨਿਰੋਲ ਡੈਬਿਟ/ਕਰੈਡਿਟ** | **0.14 Cr.** | | **0.09 Cr.** | | **0.11 Cr.** | |
| 8782 ਉਸੇ ਖਾਤੇ ਦੇ ਅਧਿਕਾਰੀ ਨੂੰ ਖਾਤਾ ਪੇਸ਼ ਕਰਨ ਵਾਲੇ ਅਧਿਕਾਰੀਆਂ ਦੇ ਵਿੱਚ ਨਗਦ ਭੁਗਤਾਨ ਅਤੇ ਵਿਵਸਥਾ | | | | | | | |
| 102 | ਜਨਤਕ ਕੰਮਾਂ ਲਈ ਪੈਸੇ | 0.10 | - | (-) 9.02 | - | (-) 3.51 | - |
| | ਸ਼ੁੱਧ ਡੈਬਿਟ - ਕੈਡ੍ਰਿਟ | 0.10 ਡੈਬਿਟ | | (-) 9.02 ਡੈਬਿਟ | | (-) 3.51 ਡੈਬਿਟ | |
| 103 | ਜੰਗਲ ਲਈ ਪੈਸੇ | (-) 0.01 | - | - | - | 6.19 | - |
| | ਸ਼ੁੱਧ ਡੈਬਿਟ - ਕੈਡ੍ਰਿਟ | (-) 0.01 ਡੈਬਿਟ | | | | 6.19 ਡੈਬਿਟ | |
| 8793 | ਅੰਤਰ ਰਾਜ ਸਸਪੈਂਸ ਖਾਤੇ | 13.50 | - | 11.93 | - | 22.59 | - |
| | ਸ਼ੁੱਧ ਡੈਬਿਟ - ਕੈਡ੍ਰਿਟ | 13.50 ਡੈਬਿਟ | | 11.93 ਡੈਬਿਟ | | 22.59 ਡੈਬਿਟ | |

© COMPTROLLER AND AUDITOR GENERAL OF INDIA
2021
www.cag.gov.in

www.cag.gov.in/ae/punjab/en